## ਅਧਿਆਇ 11

# ਸਿਰ ਢੱਕਣ ਅਤੇ ਪ੍ਰਭੂ ਭੋਜ ਦੇ ਵਿਸ਼ੇ ਤੇ ਹਿਦਾਇਤਾਂ

## ਸਿਰ ਢੱਕਣਾ (11:1-16)

ਨਵੇਂ ਨੇਮ ਵਿਚ ਕੁਝ ਬੰਦ ਸਿਰ ਢੱਕਣ ਦੇ ਵਿਸ਼ੇ ਵਿਚ ਪੌਲੁਸ ਦੇ ਨਿਰਦੇਸ਼ਾਂ ਅਧਿਆਇ 11 ਦੀ ਤੁਲਨਾ ਵਿਚ ਵਧੇਰੇ ਉਲਝਣ ਭਰੇ ਹਨ। ਕੁਰਿੰਥੁਸ ਵਿਚ ਸੱਭਿਆਚਾਰਕ ਅਤੇ ਧਾਰਮਿਕ ਮਾਹੌਲ ਦੇ ਲਈ ਵਿਸ਼ਿਸ਼ਟ ਵਿਚਾਰ ਸਨ। ਇਹ ਪ੍ਰਸ਼ਨ ਨਵੇਂ ਨੇਮ ਦੇ ਹੋਰ ਕਿਸੇ ਵੀ ਸਥਾਨ ਤੇ ਦਿਖਾਈ ਨਹੀਂ ਦਿੰਦੇ ਹਨ। ਦੋ ਹਜ਼ਾਰ ਸਾਲਾਂ ਤੋਂ ਕੁਰਿੰਥੀਆਂ ਦੇ ਲੋਕਾਂ ਦੇ ਰੋਜ਼ਾਨਾ ਦੇ ਜੀਵਨ ਵਿਚ ਜੋ ਅਭਿਆਸ ਅਤੇ ਰੀਤਿ-ਰਿਵਾਜ਼ ਚਲੇ ਆ ਰਹੇ ਸਨ ਉਨ੍ਹਾਂ ਨੂੰ ਮੁੜ ਨਿਰਮਾਣ ਕਰਨਾ ਮੁਸ਼ਕਲ ਸੀ। ਕੁਰਿੰਥੁਸ ਇੱਕ ਅੰਤਰਰਾਸ਼ਟਰੀ ਸ਼ਹਿਰ ਸੀ। ਪੌਲੁਸ ਦੇ ਸਮੇਂ ਤੋਂ ਸਿਰਫ ਇੱਕ ਸੌ ਸਾਲ ਪਹਿਲਾਂ ਰੋਮੀ ਨਿਵਾਸੀਆਂ ਦੇ ਦੁਆਰਾ ਇਸ ਦੀ ਨੀਂਹ ਰੱਖੇ ਜਾਣ ਨੇ ਇਸ ਦੇ ਉੱਤੇ ਇੱਕ ਵੱਖਰੀ ਮੋਹਰ ਲਗਾ ਦਿੱਤੀ ਸੀ। ਯੂਨਾਨੀਆਂ ਨੂੰ ਬਜ਼ਾਰਾਂ ਅਤੇ ਗੁਆਂਢੀ ਇਲਾਕਿਆਂ ਵਿਚ ਫੈਲ ਗਏ ਸਨ, ਅਤੇ ਯਹੂਦੀਆਂ ਦੀ ਮੌਜੂਦਗੀ ਮਹੱਤਵਪੂਰਣ ਸੀ।

ਕਲੀਸੀਆ ਆਪਣੀਆਂ ਸਿੱਖਿਆਵਾਂ ਅਤੇ ਮਨ ਪਰਿਵਰਤਨ ਕੀਤੇ ਹੋਏ ਲੋਕਾਂ ਦੇ ਲਈ ਹੈਕਲਾਂ ਤਕ ਫੈਲੀ ਹੋਈ ਸੀ, ਪਰ ਇਹ ਗੈਰ ਜਾਤੀਆਂ ਦਾ ਵੀ ਇੱਕ ਵਧੀਆ ਹਿੱਸਾ ਸੀ। ਸ਼ਰਧਾਲੂਆਂ ਦੇ ਪੂਜਾ ਕਰਨ ਦੇ ਲਈ ਇਸਰਾਏਲ ਦੇ ਪਰਮੇਸ਼ੁਰ ਦਾ ਯੂਨਾਨੀ ਅਤੇ ਰੋਮੀ ਦੇਵਤਿਆਂ ਨਾਲ ਮੁਕਾਬਲਾ ਕੀਤਾ ਗਿਆ ਸੀ। ਸਮਰਾਟ ਦੇ ਹਾਲ ਹੀ ਵਿਚ ਮਰ ਚੁੱਕੇ ਮੈਂਬਰਾਂ ਦੀ ਪੂਜਾ ਦੇ ਲਈ ਸਮਾਧੀਆਂ ਅਤੇ ਮੰਦਰ ਵੀ ਮਸ਼ਹੂਰ ਸਨ। ਵਿਆਪਕ ਧਾਰਮਿਕ ਵਿਸ਼ਵਾਸਾਂ ਨੇ ਸਮਾਜਿਕ ਤਣਾਅ ਨੂੰ ਪੈਦਾ ਕਰ ਦਿੱਤਾ ਸੀ, ਪਰ ਸਿਰਫ ਉਹੀ ਝਗੜੇ ਦਾ ਸ੍ਰੋਤ ਨਹੀਂ ਸਨ। ਕੁਰਿੰਥੁਸ ਇੱਕ ਅਜਿਹਾ ਸ਼ਹਿਰ ਸੀ ਜਿਸ ਵਿਚ ਅਮੀਰ ਅਤੇ ਗਰੀਬ ਦਾ ਫਰਕ ਬਹੁਤ ਹੀ ਜ਼ਿਆਦਾ ਸੀ। ਸਿਰ ਢੱਕਣ ਦੇ ਵਿਸ਼ੇ ਵਿਚ ਪੌਲੁਸ ਦੀ ਸਲਾਹ ਨੂੰ ਇੱਕ ਮਿਸ਼ਰਤ ਅਤੇ ਗੁੰਝਲਦਾਰ ਸੱਭਿਆਚਾਰਕ ਪਿਛੋਕੜ ਦੇ ਨਾਲ ਪੜ੍ਹਨਾ ਚਾਹੀਦਾ ਹੈ।

ਇਹ ਬੰਦ ਕਿਸੇ ਵੀ ਮੁਸ਼ਕਲ ਅੰਸ਼ ਦੀ ਵਿਆਖਿਆ ਦੇ ਲਈ ਮਹੱਤਵਪੂਰਣ ਹੈ; ਪਰ ਸਿਰ ਢੱਕਣ ਦੇ ਮਾਮਲੇ ਵਿਚ ਇਹ ਆਮ ਨਾਲੋਂ ਵੱਧ ਮਹੱਤਵਪੂਰਣ ਸੀ। ਕੀ ਅਧਿਆਇ 11 ਨੂੰ ਮੂਰਤੀਪੂਜਾ ਦੇ ਪ੍ਰਸ਼ਨਾਂ ਦੇ ਵਿਸਥਾਰ ਦੇ ਰੂਪ ਵਿਚ ਲਿਆ ਜਾਣਾ ਚਾਹੀਦਾ ਹੈ ਜੋ 8:1 ਵਿਚ ਸ਼ੁਰੂ ਹੋਏ ਸਨ, ਜਾਂ ਕੀ ਇਹ 12:1 ਵਿਚ ਸ਼ੁਰੂ ਹੋਏ ਕਲੀਸੀਆ ਦੇ ਅੰਦਰੂਨੀ ਕੰਮਾਂ ਅਤੇ ਉਪਾਸਨਾ ਦੇ ਵਿਸ਼ੇ ਵਿਚ ਨਵੇਂ ਪ੍ਰਸ਼ਨ ਪੇਸ਼ ਕਰਦਾ ਹੈ? ਫਾਰਮੂਲਾ "ਵਿਖੇ" 8:1 ਅਤੇ

12:1 ਵਿਚ ਨਹੀਂ ਦਿਖਦਾ, ਪਰ ਐਨਥਨੀ ਸੀ. ਥੇਸਲਟਨ ਨੇ ਦਲੀਲ ਦਿੱਤੀ ਕਿ ਇਨ੍ਹਾਂ ਸ਼ਬਦਾਂ ਦੇ ਨਾਲ "ਹੁਣ ਮੈਂ ਤੁਹਾਡੀ ਵਡਿਆਈ ਕਰਦਾ ਹਾਂ ਪੱਤ੍ਰੀ ਇੱਕ ਨਵੀਂ ਦਿਸ਼ਾ ਲੈਂਦੀ ਹੈ।" 11:2. ਉਸ ਦੇ ਵਿਸ਼ੇ ਵਿਚ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ: "ਇਸ ਪਿੱਛੇ ਇਕਜੁਟ ਹੋਣ ਦਾ ਵਿਸ਼ਾ ਹੈ [8:1–11:1] ਇਹ ਸਮਝਿਆ ਜਾਣਾ ਹੈ ਕਿ ਕਮਜ਼ੋਰ ਭਾਈ ਦੇ ਨਾਲ ਸਬਰ ਦੇ ਨਾਲ ਪ੍ਰੇਮ ਰੱਖਣਾ ਸੀ; [11:2–14:40] ਵਿਚ ਇਕੱਠੇ ਪ੍ਰਾਰਥਨਾ ਮੰਡਲੀ ਦੇ ਵਿਸ਼ੇ ਵਿਚ ਵਿਹਾਰ ਹਨ।"[1]

ਕੋਈ ਥੇਸਲਟ ਦੇ ਨਾਲ ਅਸਹਿਮਤੀ ਵਿਚ ਉੱਤਰ ਦੇ ਸਕਦਾ ਹੈ, ਕਿ 8:1–11:1 ਦਾ ਇਕਜੁੱਟ ਵਿਸ਼ਾ ਮਸੀਹੀਆਂ ਦੇ ਦੁਆਰਾ ਮੂਰਤੀਪੂਜਾ ਦੇ ਪ੍ਰਤਿ ਪ੍ਰਤਿਕਿਰਿਆ ਹੈ ਅਤੇ 11:2-34 ਦਾ ਵਿਸ਼ੇ ਨੂੰ ਹੋਰਨਾਂ ਖੇਤਰਾਂ ਦੇ ਨਾਲ ਨਾਲ ਮੰਡਲੀ ਅਤੇ ਉਪਾਸਨਾ ਵਿਚ ਵੀ ਲੈਂ ਜਾਂਦਾ ਹੈ। ਇੱਕ ਕਮਜ਼ੋਰ ਭਾਈ ਦੇ ਲਈ ਚਿੰਤਾ ਰਸੂਲ ਦੀ ਮੂਰਤੀ ਦੇ ਮੰਦਰ ਵਿਚ ਮਾਸ ਖਾਣ ਦੀ ਮਨਾਹੀ ਵਿਚ ਇੱਕ ਵਿਚਾਰ ਹੀ ਹੈ। ਇੱਥੋਂ ਤਕ ਕਿ-ਸਿਰ ਢੱਕਣਾ ਵੀ ਮੂਰਤੀਪੂਜਾ ਦੇ ਨਾਲ ਕੁਝ ਹੱਦ ਤਕ ਸੰਬੰਧਤ ਹੋ ਸਕਦਾ ਹੈ।

ਰਿਚਰਡ ਈ. ਓਸਟਰ, ਜੂਨੀਅਰ, ਨੇ ਖਾਸ ਧਾਰਮਿਕ ਮਾਹੌਲ ਵਿਚ ਸਿਰ ਢੱਕਣ ਦੇ ਵਿਸ਼ੇ ਵਿਚ ਸਵਾਲਾਂ ਦੇ ਵਧਣ ਦਾ ਤਰਕ ਦੇਣ ਦੇ ਲਈ ਕਾਫ਼ੀ ਸੋਧ ਪ੍ਰਸਤੁਤ ਕੀਤੀ ਹੈ। ਉਸ ਨੇ ਸਿੱਟਾ ਕੱਢਿਆ ਕਿ ਸਿਰ ਢੱਕਣ ਅਤੇ ਪ੍ਰਭੂ ਭੋਜ ਖਾਣ ਦੇ ਵਿਸ਼ੇ ਵਿਚ ਪੌਲੁਸ ਦੀਆਂ ਚੇਤਾਵਨੀਆਂ ਅਧਿਆਇ 8 ਤੋਂ 10 ਵਿਚ ਮੂਰਤੀਆਂ ਨੂੰ ਚੜ੍ਹਾਏ ਗਏ ਮਾਸ ਦੇ ਪ੍ਰਸ਼ਨਾਂ ਅਤੇ ਅਧਿਆਇ 12 ਅਤੇ 14 ਵਿਚ ਕਲੀਸੀਆ ਵਿਚਲੇ ਵਿਹਾਰ ਦੇ ਰੂਪ ਵਿਚ ਲਾਭਦਾਇਕ ਬਦਲਾਅ ਦੇ ਰੂਪ ਵਿਚ ਕੰਮ ਕੀਤਾ ਹੈ।[2]

### ਪੌਲੁਸ ਦੀ ਉਦਾਹਰਣ (11:1)

**1ਤੁਸੀਂ ਮੇਰੀ ਰੀਸ ਕਰੋ ਜਿਵੇਂ ਮੈਂ ਵੀ ਮਸੀਹ ਦੀ ਰੀਸ ਕਰਦਾ ਹਾਂ।**

**ਆਇਤ 1.** ਸਧਾਰਣ ਸਹਿਮਤੀ ਦੇ ਨਾਲ, ਬਾਈਬਲ ਦੇ ਪ੍ਰਕਾਸ਼ਕਾਂ ਨੇ ਸਿੱਟਾ ਕੱਢਿਆ ਹੈ ਕਿ ਇਹ ਆਇਤ ਅਧਿਆਇ 10 ਦੇ ਅੰਤ ਠੀਕ ਬੈਠਦੀ ਹੈ। ਜਦੋਂ ਰਸੂਲ ਕਲੀਸੀਆ ਨੂੰ ਮੂਰਤੀਆਂ ਦੇ ਮੰਦਰਾਂ ਵਿਚ ਮੂਰਤੀਆਂ ਨੂੰ ਚੜ੍ਹਾਏ ਗਏ ਮਾਸ ਨੂੰ ਖਾਣ ਦੇ ਵਿਸ਼ੇ ਵਿਚ ਚੇਤਾਵਨੀ ਦੇ ਚੁੱਕਿਆ, ਤਾਂ ਉਸ ਨੇ ਕੁਰਿੰਥੀਆਂ ਦੇ ਮਸੀਹੀਆਂ ਨੂੰ ਬੇਨਤੀ ਕੀਤੀ ਕਿ ਪਰਮੇਸ਼ੁਰ ਨੂੰ ਮਹਿਮਾ ਦੇਣ ਵਿਚ ਅਤੇ ਯਹੂਦੀਆਂ ਅਤੇ ਯੂਨਾਨੀਆਂ ਨੂੰ ਦੋਸ਼ ਲਾਉਣ ਦਾ ਕੋਈ ਮੌਕਾ ਨਾ ਦੇਣ ਵਿਚ ਤੁਸੀਂ **ਮੇਰੀ ਰੀਸ ਕਰੋ** (ਵੇਖੋ 4:16)। ਉਸ ਨੇ ਫ਼ਿਲਿੱਪੀਆਂ ਅਤੇ ਥੱਸਲੁਨੀਕੀਆਂ ਦੀ ਕਲੀਸੀਆ ਨੂੰ ਵੀ ਉਹੀ ਕਰਨ ਦੇ ਲਈ ਕਿਹਾ ਸੀ ਜੋ ਉਸ ਨੇ ਕੀਤਾ ਸੀ (ਫ਼ਿਲਿੱਪੀਆਂ 3:17; 4:9; 1 ਥੱਸਲੁਨੀਕੀਆਂ 1:6; 2 ਥੱਸਲੁਨੀਕੀਆਂ 3:9)।

### ਪੌਲੁਸ ਦੀ ਭੂਮਿਕਾ (11:2, 3)

**2ਅਤੇ ਜਿਸ ਪਰਕਾਰ ਮੈਂ ਤੁਹਾਨੂੰ ਰੀਤਾਂ ਸੌਂਪੀਆਂ ਉਸੇ ਪਰਕਾਰ ਤੁਸੀਂ ਉਨ੍ਹਾਂ ਨੂੰ ਫੜੀ ਰੱਖਦੇ ਹੋ। 3ਪਰ ਮੈਂ ਚਾਹੁੰਦਾ ਹਾਂ ਜੋ ਤੁਸੀਂ ਇਹ ਜਾਣ ਲਵੋ ਭਈ ਹਰੇਕ ਪੁਰਖ ਦਾ ਸਿਰ ਮਸੀਹ ਹੈ ਅਤੇ ਇਸਤਰੀ ਦਾ ਸਿਰ ਪੁਰਖ ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ।**

11:2-16 ਵਿੱਚ ਪੌਲੁਸ ਦੀ ਚਰਚਾ ਦੇ ਅਰੰਭ ਵਿੱਚ ਦੋ ਤੱਥ ਧਿਆਨ ਦੇਣ ਜੋਗ ਹਨ। ਪਹਿਲਾ, ਪੌਲੁਸ ਉਸ ਸਮੱਸਿਆ ਨੂੰ ਸੰਬੋਧਿਤ ਕਰ ਰਿਹਾ ਹੈ ਜਿਹੜੀ ਖਾਸ ਕਰਕੇ ਕੁਰਿੰਥੁਸ ਦੀ ਕਲੀਸਿਆ ਵਿੱਚ ਸੀ, ਕਿਉਂ ਜੋ ਸਿਰ ਕੱਜਣ ਬਾਰੇ ਨਵੇਂ ਨੇਮ ਵਿੱਚ ਹੋਰ ਕਿਤੇ ਗੱਲ ਨਹੀਂ ਕੀਤੀ ਗਈ ਹੈ। ਦੂਜਾ, ਇਸ ਪੱਤਰ ਦਾ ਮੁੱਖ ਵਿਸ਼ਾ ਮਸੀਹੀਆਂ ਦੁਆਰਾ ਉਨ੍ਹਾਂ ਦੇ ਸਭਿਆਚਾਰ ਦੀਆਂ ਕੁਝ ਮੂਰਤੀ ਪੂਜਕ ਰਸਮਾਂ ਨੂੰ ਫੜੀ ਰੱਖਣ ਦਾ ਪ੍ਰਲੋਭਣ ਹੈ, ਜਿਸ ਨੂੰ 8:1 ਵਿੱਚ ਅਰੰਭ ਹੁੰਦਿਆਂ ਵੇਖਿਆ ਜਾ ਸਕਦਾ ਹੈ। ਨਿਰਸੰਦੇਹ ਸਿਰ ਕੱਜਣਾ ਇੱਕ ਅਜਿਹੀ ਰਸਮ ਸੀ ਜਿਸ ਦੇ ਰਾਹੀਂ ਕੁਰਿੰਥੁਸ ਦੇ ਮਸੀਹੀ ਮੂਰਤੀ ਪੂਜਕ ਰਸਮਾਂ ਵਿੱਚ ਸ਼ਾਮਲ ਹੁੰਦੇ ਸਨ।

ਕੁਰਿੰਥੁਸ ਦੇ ਸਧਾਰਨ ਜੀਵਨ ਦੇ ਕੁਝ ਹੋਰ ਹਿੱਸਿਆਂ ਨੇ ਵੀ ਸਿਰ ਕੱਜਣ ਬਾਰੇ ਹੋਈ ਉਲਝਣ ਨੂੰ ਵਧਾਇਆ ਹੋਵੇਗਾ। ਇਹ ਚੇਤੇ ਰੱਖਣਾ ਮਹੱਤਵਪੂਰਣ ਹੈ ਕਿ ਕੁਰਿੰਥੁਸ ਦੀ ਜੀਵਨਸ਼ੈਲੀ ਉੱਤੇ ਯੂਨਾਨੀ ਨਹੀਂ, ਸਗੋਂ ਰੋਮੀ ਨੈਤਿਕਤਾ ਦਾ ਪ੍ਰਭਾਵ ਸੀ। ਇੱਕ ਸੰਭਾਵਨਾ ਇਹ ਹੋ ਸਕਦੀ ਹੈ ਕਿ ਕਿਸੇ ਦੇਵੀ ਜਾਂ ਦੇਵਤੇ ਨੂੰ ਮੱਥਾ ਟੇਕਣ ਵੇਲੇ ਪੁਰਸ਼ ਅਤੇ ਇਸਤਰੀਆਂ ਵੱਲੋਂ ਆਪਣੇ ਸਿਰ ਕੱਜਣਾ ਇੱਕ ਰੋਮੀ ਰਸਮ ਹੋਇਆ ਕਰਦੀ ਸੀ। ਇਸ ਤੋਂ ਇਲਾਵਾ ਯਹੂਦੀ ਸਭਿਆਚਾਰ ਵਿੱਚ ਸਿਰ ਕੱਜਣ ਦਾ ਸੰਬੰਧ ਅਧੀਨਤਾ ਦੇ ਨਾਲ ਹੁੰਦਾ ਸੀ। ਇੱਕ ਹੋਰ ਸੰਭਾਵਨਾ ਇਹ ਹੈ ਕਿ ਧਰਮ ਨਾਲ ਸੰਬੰਧਤ ਮਸਲਿਆਂ ਵਿੱਚ ਸੰਪੂਰਣ ਇਖ਼ਤਿਆਰ ਪਤੀ/ਪਿਤਾ ਦੇ ਕੋਲ ਹੁੰਦਾ ਸੀ। ਅਖੀਰ ਵਿੱਚ ਸਾਨੂੰ ਇਹ ਵੀ ਚੇਤੇ ਰੱਖਣ ਦੀ ਲੋੜ ਹੈ ਕਿ ਧਾਰਮਿਕ ਜਾਂ ਹੋਰ ਜਨਤਕ ਇਕੱਠ ਵਿੱਚ ਪੁਰਸ਼ ਅਤੇ ਇਸਤਰੀਆਂ ਇਕੱਠੇ ਨਹੀਂ ਜਾਇਆ ਕਰਦੇ ਸਨ।

ਪਰ ਕਲੀਸਿਆ ਦੇ ਇਕੱਠ ਵਿੱਚ ਪੁਰਸ਼ ਅਤੇ ਇਸਤਰੀਆਂ ਇਕੱਠੇ ਆਇਆ ਕਰਦੇ ਸਨ, ਜਿਵੇਂ ਕਿ ਅਧਿਆਇ 14 ਵਿੱਚ ਸਪੱਸ਼ਟ ਕੀਤਾ ਗਿਆ ਹੈ। ਨਾਲ ਹੀ, ਉਹ ਲੋਕਾਂ ਦੇ ਘਰਾਂ ਵਿੱਚ ਇਕੱਠੇ ਹੁੰਦੇ ਸਨ, ਜੋ ਕਿ ਇੱਕ ਅਣਔਪਚਾਰਿਕ ਇਕੱਠ ਹੁੰਦਾ ਸੀ। ਕੁਰਿੰਥੁਸ ਦੀ ਕਲੀਸਿਆ ਦੀ ਮੰਡਲੀ ਵਿੱਚ ਢੁਕਵੀਂਆਂ ਸਮਾਜਕ ਰੀਤਾਂ, ਖਾਸਤੌਰ ’ਤੇ ਰਲੇ-ਮਿਲੇ ਸਮਾਜਕ ਹਾਲਾਤਾਂ ਵਿੱਚ ਪੁਰਸ਼ਾਂ ਅਤੇ ਇਸਤਰੀਆਂ ਦੇ ਸਤਿਕਾਰਯੋਗ ਰੱਵਈਏ ਨੂੰ ਲੈ ਕੇ ਮਸੀਹੀ ਲੋਕਾਂ ਵਿੱਚ ਉਲਝਣ ਅਤੇ ਝਗੜੇ ਪੈਦਾ ਹੋ ਰਹੇ ਸਨ। ਮਸੀਹੀ ਨਿਹਚਾ ਨੂੰ ਕਬੂਲ ਕਰਨ ਤੋਂ ਬਾਅਦ ਜਦ ਪੁਰਸ਼ ਅਤੇ ਇਸਤਰੀਆਂ ਇਕੱਠੇ ਹੋ ਕੇ ਪਰਮੇਸ਼ੁਰ ਦੀ ਅਰਾਧਨਾ ਕਰਨ ਦੇ ਨਵੇਂ ਸਮਾਜਕ ਪ੍ਰਚਲਨ ਨੂੰ ਅਪਨਾਉਣ ਦਾ ਜਤਨ ਕਰ ਰਹੇ ਸਨ, ਤਾਂ ਉਨ੍ਹਾਂ ਵਿੱਚ ਵਿਵਾਦ ਖੜ੍ਹੇ ਹੋਣ ਲੱਗੇ। ਪ੍ਰਸ਼ਨ ਬਹੁਤ ਸੰਵੇਦਨਾਸ਼ੀਲ ਸਨ ਅਤੇ ਆਪਸੀ ਵਿਰੋਧ ਬਹੁਤ ਤਕੜਾ ਸੀ।

**ਆਇਤ 2.** ਜਦ ਪੌਲੁਸ ਆਪਣੇ ਉੱਤਰਾਂ ਲਈ ਕੁਰਿੰਥੁਸ ਦੇ ਮਸੀਹੀਆਂ ਨੂੰ ਤਿਆਰ ਕਰ ਰਿਹਾ ਸੀ, ਤਾਂ ਉਹ ਜਾਣਦਾ ਸੀ ਕਿ ਉਹ ਉਸ ਦੇ ਸ਼ਬਦ ਹਰੇਕ ਤੋਂ ਪ੍ਰਸੰਨ ਨਹੀਂ ਹੋਣਗੇ। ਸਭ ਤੋਂ ਪਹਿਲਾਂ ਉਸ ਨੇ ਇਸ ਵਿਸ਼ੇ ਬਾਰੇ ਅਰੰਭ ਕਰਦਿਆਂ ਮੁੱਢਲੀ ਗੱਲ ਕੀਤੀ ਅਤੇ ਕਲੀਸਿਆ ਨੇ ਜਿਸ ਤਰ੍ਹਾਂ ਉਸ ਦਾ ਸਤਿਕਾਰ ਕੀਤਾ ਸੀ, ਉਸ ਦੇ ਲਈ ਉਸ ਨੇ ਉਨ੍ਹਾਂ ਦੀ ਵਡਿਆਈ ਅਤੇ ਸ਼ਲਾਘਾ ਕੀਤੀ। ਸਿਰ ਕੱਜਣ ਬਾਰੇ ਪ੍ਰਸ਼ਨ ਪਹਿਲਾਂ ਵੀ ਉੱਠੇ ਸਨ ਅਤੇ ਹੁਣ ਕੁਰਿੰਥੁਸ ਦੀ ਕਲੀਸਿਆ ਨੇ ਪੌਲੁਸ ਦੀ ਸਿੱਖਿਆ **ਫੜੀ** ਹੋਈ ਸੀ। ਉਹ ਬੜੀ ਸਾਵਧਾਨੀ ਨਾਲ ਉਨ੍ਹਾਂ **ਰੀਤਾਂ** ਦੀ ਪਾਲਣਾ ਕਰ ਰਹੇ ਸਨ ਜਿਹੜੀਆਂ ਉਸ ਨੇ ਉਨ੍ਹਾਂ ਨੂੰ ਸੌਂਪੀਆਂ ਸਨ। ਇਸ ਤੋਂ ਬਾਅਦ ਆਉਣ ਵਾਲੀ ਕਿਸੇ ਵੀ ਝਿੜਕ ਨੂੰ ਜਾਂ ਕਿਸੇ ਵੀ ਸਿੱਖਿਆ

ਨੂੰ ਜਿਸ ਦੇ ਨਾਲ ਉਹ ਅਸਹਿਮਤ ਸਨ, ਉਨ੍ਹਾਂ ਦੀ ਇਸ ਸ਼ਲਾਘਾ ਦੇ ਪਰਕਾਸ਼ ਵਿੱਚ ਵੇਖਿਆ ਜਾਣਾ ਚਾਹੀਦਾ ਸੀ।

ਪੌਲੁਸ ਨੇ ਸਿਰ ਕੱਜਣ ਦੀ ਇਸ ਚਰਚਾ ਦਾ ਅਰੰਭ "ਹੁਣ . . . ਦੇ ਵਿਖੇ" ਸ਼ਬਦਾਂ ਨਾਲ ਨਹੀਂ ਕੀਤਾ ਜਿਵੇਂ ਕਿ ਉਹ ਕਰਦਾ ਆ ਰਹਿਆ ਸੀ, ਸਗੋਂ ਇਨ੍ਹਾਂ ਸ਼ਬਦਾਂ ਨਾਲ ਕੀਤਾ, **ਹੁਣ ਮੈਂ ਤੁਹਾਡੀ ਵਡਿਆਈ ਕਰਦਾ ਹਾਂ।** ਇਸ ਕਰਕੇ ਇਹ ਨਿਰਦੇਸ਼ ਵੀ ਉਸੇ ਵਰਗ ਹੇਠ ਆਉਂਦੇ ਹਨ ਜਿਨ੍ਹਾਂ ਦਾ ਅਰੰਭ 8:1 ਵਿੱਚ ਕੀਤਾ ਗਿਆ ਸੀ: ". . . ਮੂਰਤੀਆਂ ਦੀਆਂ ਭੇਟਾਂ ਦੇ ਵਿਖੇ।" ਹਾਲਾਂਕਿ ਸਿਰ ਕੱਜਣਾ ਸਿੱਧੇ ਤੌਰ 'ਤੇ ਮੂਰਤੀ ਦੀਆਂ ਭੇਟਾਂ ਦੇ ਨਾਲ ਸੰਬੰਧਤ ਨਹੀਂ ਸੀ, ਪਰ ਤਾਂ ਵੀ ਇਹ ਮੂਰਤੀ ਪੂਜਾ ਨਾਲ ਭਰੇ ਸਭਿਆਚਾਰ ਵਿੱਚ ਮਸੀਹੀ ਜੀਵਨ ਜੀਉਣ ਨਾਲ ਸੰਬੰਧਤ ਜ਼ਰੂਰ ਸੀ। ਮਸੀਹੀ ਲੋਕਾਂ ਨੂੰ ਇਹ ਜਾਣਨ ਦੀ ਲੋੜ ਸੀ ਕਿ ਅਜਿਹੇ ਹਾਲਾਤਾਂ ਵਿੱਚ ਕੀ ਕੀਤਾ ਜਾਵੇ। ਸ਼ਾਇਦ ਜਿਹੜੇ ਤਿੰਨ ਜਣੇ ਇਸ ਪੱਤਰ ਨੂੰ ਕੁਰਿੰਥੁਸ ਲੈ ਕੇ ਗਏ ਸਨ (16:17), ਉਨ੍ਹਾਂ ਨੇ ਹੀ ਸਿਰ ਕੱਜਣ ਦੇ ਮਸਲੇ ਨੂੰ ਪੌਲੁਸ ਅੱਗੇ ਰੱਖਿਆ ਹੋਵੇਗਾ।

**ਆਇਤ 3.** ਇਸ ਆਇਤ ਬਾਰੇ ਚਰਚਾ ਕਰਦਿਆਂ ਮੁੱਢਲੀ ਸਮੱਸਿਆ ਇਹ ਹੈ ਕਿ **ਸਿਰ** ਤੋਂ ਪੌਲੁਸ ਦਾ ਅਸਲ ਵਿੱਚ ਕੀ ਭਾਵ ਸੀ। ਪਹਿਲਾ, ਆਧੁਨਿਕ ਅੰਗ੍ਰੇਜੀ ਵਿੱਚ "head (ਸਿਰ)" ਦਾ ਸਧਾਰਨ ਅਰਥ *ਇੱਕ ਨਿਯੰਤ੍ਰਣਕਾਰੀ ਅਧਿਕਾਰੀ ਜਾਂ ਇਖ਼ਤਿਆਰ* ਹੈ: ਕਿਸੇ ਕਾਰਪੋਰੇਸ਼ਨ ਦਾ "ਸਿਰ (ਮੋਢੀ)" ਉਸ ਦਾ ਨਿਦੇਸ਼ਕ ਬੋਰਡ ਵੀ ਹੋ ਸਕਦਾ ਹੈ। ਦੂਜਾ, ਕਿਸ ਨੇ ਆਖਿਆ ਹੈ ਕਿ ਪੁਰਾਤਨ ਸੰਸਾਰ ਵਿੱਚ ਇਸ ਸ਼ਬਦ ਦੀ ਵਰਤੋਂ ਇਸ ਭਾਵ ਵਿੱਚ ਨਹੀਂ ਹੁੰਦੀ ਸੀ। ਤਰਕ ਇਹ ਦਿੱਤਾ ਜਾਂਦਾ ਹੈ ਕਿ "ਸਿਰ" ਦੀ ਵਰਤੋਂ *ਇੱਕ ਸਰੋਤ* ਵਜੋਂ, ਜਿਵੇਂ ਕਿ "ਨਦੀ ਦਾ ਸਿਰਾ," ਜਾਂ ਪ੍ਰਮੁੱਖਤਾ ਦੇ ਸਥਾਨ ਵਜੋਂ ਕੀਤੀ ਜਾਂਦੀ ਸੀ, ਜਿਵੇਂ ਕਿ "ਕਲਾਸ ਦਾ ਮੁਖੀ।" ਜੇਕਰ ਅਜਿਹਾ ਹੈ ਤਾਂ ਇੱਥੇ ਪ੍ਰਸ਼ਨ ਮਸੀਹ ਉੱਤੇ ਪਰਮੇਸ਼ੁਰ ਦੇ ਇਖ਼ਤਿਆਰ ਦਾ ਜਾਂ ਇਸਤਰੀ ਉੱਤੇ ਪੁਰਸ਼ ਦੇ ਇਖ਼ਤਿਆਰ ਦਾ ਨਹੀਂ ਸੀ। ਸਗੋਂ ਇਹ ਪ੍ਰਾਥਮਿਕਤਾ ਦੇ ਸਥਾਨ ਦਾ ਸੀ। ਉਦਾਹਰਣ ਵਜੋਂ, ਪੁਰਸ਼ ਦੀ ਸਿਰਜਣਾ ਪਹਿਲਾਂ ਹੋਈ ਸੀ ਅਤੇ ਇਸਤਰੀ ਦੀ ਬਾਅਦ ਵਿੱਚ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ ਪੌਲੁਸ ਦੁਆਰਾ ਸੰਬੋਧਿਤ ਕੀਤਾ ਗਿਆ ਸਿਰ ਕੱਜਣ ਦਾ ਵਿਸ਼ਾ ਸਰਿਸ਼ਟੀ ਵੇਲੇ ਪੁਰਸ਼ ਦੀ ਪ੍ਰਾਥਮਿਕਤਾ ਦੀ ਨਿਸ਼ਾਨੀ ਨਾਲ ਵਧੇਰੇ ਸੰਬੰਧਤ ਸੀ, ਨਾ ਕਿ ਪੁਰਸ਼ ਦੇ ਇਖ਼ਤਿਆਰ ਨਾਲ ਜਾਂ ਫਿਰ ਇਸਤਰੀ ਦੀ ਅਧੀਨਤਾ ਨਾਲ।

ਓਸਟਰ ਨੇ ਤਰਕ ਪੇਸ਼ ਕੀਤਾ ਕਿ ਪੌਲੁਸ ਦੁਆਰਾ ਇਨ੍ਹਾਂ ਆਇਤਾਂ ਵਿੱਚ "ਸਿਰ" (κεφαλή, *ਕੇਫਾਲੇ*) ਸ਼ਬਦ ਦੀ ਅਨੋਖੀ ਵਰਤੋਂ ਦਰਸਾਉਂਦੀ ਹੈ ਕਿ ਉਸ ਨੇ ਇਸ ਸ਼ਬਦ ਦੀ ਵਰਤੋਂ ਕੁਰਿੰਥੁਸ ਦੇ ਹਾਲਾਤ ਨੂੰ ਸੰਬੋਧਿਤ ਕਰਨ ਲਈ ਕੀਤੀ। ਉਨ੍ਹਾਂ ਨੇ ਅੱਗੇ ਆਖਿਆ,

> ਹੋਰ ਕਿਸੇ ਵੀ ਥਾਂ 'ਤੇ ਪੌਲੁਸ ਨੇ ਮਸੀਹ ਅਤੇ ਹਰੇਕ ਪੁਰਸ਼ ਵਿਚਾਲੇ ਸੰਬੰਧ ਨੂੰ ਦਰਸਾਉਣ ਲਈ ਵਿਸ਼ੇਸ਼ ਤੌਰ 'ਤੇ "ਸਿਰ" (*ਕੇਫਾਲੇ*) ਸ਼ਬਦ ਦੀ ਵਰਤੋਂ ਨਹੀਂ ਕੀਤੀ। ਅਤੇ ਨਾ ਹੀ ਇਸ ਗੱਲ ਦੇ ਕੋਈ ਪੱਕੇ ਪ੍ਰਮਾਣ ਮਿਲਦੇ ਹਨ ਕਿ ਪੌਲੁਸ ਨੇ ਇਸ ਸ਼ਬਦ ਦੀ ਵਰਤੋਂ ਪੁਰਸ਼ਾਂ ਅਤੇ ਇਸਤਰੀਆਂ ਵਿਚਾਲੇ ਸੰਬੰਧ ਨੂੰ ਦਰਸਾਉਣ ਲਈ ਕੀਤੀ ਹੈ।[3]

ਉਨ੍ਹਾਂ ਨੇ ਫੁਟਨੋਟ ਵਿੱਚ ਇਹ ਵੀ ਆਖਿਆ ਹੈ ਕਿ ਅਫ਼ਸੀਆਂ 5:21-33 ਪਤੀ ਅਤੇ ਪਤਨੀ ਬਾਰੇ ਗੱਲ ਕਰਦਾ ਹੈ, ਪੁਰਸ਼ਾਂ ਅਤੇ ਇਸਤਰੀਆਂ ਦੇ ਸਧਾਰਨ ਸੰਬੰਧਾਂ ਬਾਰੇ ਨਹੀਂ। ਪਰ ਇਹ ਸੋਚ ਕੇ ਥੋੜੀ ਹੈਰਾਨੀ ਹੁੰਦੀ ਹੈ ਕਿ ਕੀ ਪਤੀ ਅਤੇ ਪਤਨੀ ਦੇ ਸੰਬੰਧ ਨੂੰ ਪੁਰਸ਼ਾਂ ਅਤੇ ਇਸਤਰੀਆਂ ਵਿਚਾਲੇ ਸੰਬੰਧ ਤੋਂ ਸਾਫ਼-ਸਪੱਸ਼ਟ ਤੌਰ 'ਤੇ ਵੱਖਰਾ ਕੀਤਾ ਜਾ ਸਕਦਾ ਹੈ। ਇੱਕ

ਵਾਰ ਜਦ ਪੁਰਸ਼ਾਂ ਅਤੇ ਇਸਤਰੀਆਂ ਵਿਚਾਲੇ ਸੰਬੰਧ ਨੂੰ ਸਪੱਸ਼ਟ ਕਰ ਦਿੱਤਾ ਜਾਵੇ, ਤਾਂ ਫਿਰ ਉਸ ਦੇ ਨਤੀਜਿਆਂ ਨੂੰ ਉਸ ਪੁਰਸ਼ ਅਤੇ ਇਸਤਰੀ ਉੱਤੇ ਵੀ ਲਾਗੂ ਕੀਤਾ ਜਾ ਸਕਦਾ ਹੈ ਜੋ ਇੱਕ ਦੂਜੇ ਨਾਲ ਵਿਆਹੇ ਹੋਏ ਹਨ।

ਇਸ ਦਾਅਵੇ ਉੱਤੇ ਬਹੁਤ ਬਹਿਸ ਹੋਈ ਹੈ ਕਿ "ਸਿਰ" ਦਾ ਇਖ਼ਤਿਆਰ ਦੇ ਨਾਲ ਕੋਈ ਸੰਬੰਧ ਨਹੀਂ ਹੈ। ਕੁਝ ਵਿਦਵਾਨਾਂ ਨੇ ਪ੍ਰਮਾਣ ਪੇਸ਼ ਕੀਤੇ ਹਨ ਕਿ ਯੂਨਾਨੀ-ਰੋਮੀ ਸੰਸਾਰ ਵਿੱਚ "ਸਿਰ" ਸ਼ਬਦ ਦੀ ਵਰਤੋਂ ਆਮ ਤੌਰ 'ਤੇ ਕਿਸੇ ਵਿਅਕਤੀ ਦੇ ਇਖ਼ਤਿਆਰ ਦੀ ਗੱਲ ਕਰਨ ਲਈ ਕੀਤੀ ਜਾਂਦੀ ਸੀ, ਉਦਾਹਰਣ ਵਜੋਂ ਕੋਈ ਸਰਕਾਰੀ ਅਧਿਕਾਰੀ। ਜੋਸੇਫ ਏ. ਫਿਟਜ਼ਮਾਯਰ ਨੇ LXX, ਫਿਲੋ ਅਤੇ ਜੋਸੇਫਸ ਦੀਆਂ ਲਿਖਤਾਂ ਅਤੇ ਹੋਰ ਸੰਸਾਧਨਾਂ ਵਿਚਲੇ ਪ੍ਰਮਾਣਾਂ ਦੀ ਜਾਂਚ ਕੀਤੀ। ਉਨ੍ਹਾਂ ਨੇ ਇਹ ਸਿੱਟਾ ਕੱਢਿਆ ਕਿ, "ਤਰਸੁਸ ਨਿਵਾਸੀ ਪੌਲੁਸ ਵਰਗੇ ਕਿਸੇ ਵੀ ਯੂਨਾਨੀ-ਭਾਸ਼ੀ ਯਹੂਦੀ ਲੇਖਕ ਦਾ ਮੰਤਵ ਇਹ ਹੋ ਸਕਦਾ ਸੀ ਕਿ κεφαλή ਨੂੰ 1 ਕੁਰਿੰਥੀਆਂ 11:3 ਵਿੱਚ ਕਿਸੇ ਦੂਜੇ ਉੱਤੇ ਮੌਜੂਦ ਇਖ਼ਤਿਆਰ ਜਾਂ ਪ੍ਰਾਥਮਿਕਤਾ ਦੇ ਭਾਵ ਵਿੱਚ 'ਸਿਰ' ਮੰਨਿਆ ਜਾਵੇ।"[4] ਇਸ ਸੰਭਾਵਨਾ ਨੂੰ ਵੀ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਕਿਸੇ ਸੰਦਰਭ ਵਿੱਚ *ਕੇਫਾਲੇ* ਦਾ ਅਰਥ ਪ੍ਰਾਥਮਿਕਤਾ ਦਾ ਸਥਾਨ ਹੋਣ ਦੇ ਨਾਲ-ਨਾਲ ਇਖ਼ਤਿਆਰ ਵੀ ਹੋ ਸਕਦਾ ਹੈ।

ਯੂਨਾਨੀ ਸਭਿਆਚਾਰ ਵਿੱਚ ਪੁਰਸ਼ਾਂ ਅਤੇ ਇਸਤਰੀਆਂ ਦਾ ਜਨਤਕ ਤੌਰ 'ਤੇ ਇਕੱਠੇ ਹੋਣਾ ਆਮ ਗੱਲ ਨਹੀਂ ਹੁੰਦਾ ਸੀ,[5] ਇਸ ਕਰਕੇ ਕਲੀਸਿਆ ਦੀਆਂ ਸਭਾਵਾਂ ਵਿੱਚ ਇਕੱਠੇ ਆਉਣਾ ਉਨ੍ਹਾਂ ਦੇ ਲਈ ਥੋੜ੍ਹਾ ਅਜੀਬ ਰਿਹਾ ਹੋਵੇਗਾ (ਵੇਖੋ 14:34)। ਉਨ੍ਹਾਂ ਦੀਆਂ ਭੂਮਿਕਾਵਾਂ ਨੂੰ ਲੈ ਕੇ ਵੀ ਸਵਾਲ ਉੱਠੇ ਹੋਣਗੇ। ਇਖ਼ਤਿਆਰ ਅਤੇ ਅਧੀਨਤਾ ਨਾਲ ਸੰਬੰਧਤ ਪ੍ਰਸ਼ਨ ਇਨ੍ਹਾਂ ਪ੍ਰਸ਼ਨਾਂ ਦੇ ਨਾਲ ਬਹੁਤ ਜ਼ਿਆਦਾ ਜੁੜੇ ਹੋਏ ਸਨ ਕਿ ਕਲੀਸਿਆ ਵਿੱਚ ਕੋਈ ਮੈਂਬਰ ਕਿਸੇ ਦੂਜੇ ਦੀ ਆਤਮਿਕ ਜੀਵਨ ਵਿੱਚ ਵਧਣ ਅਤੇ ਸਿੱਖਿਆ ਦੇਣ ਵਿੱਚ ਮਦਦ ਕਿਵੇਂ ਕਰ ਸਕਦਾ ਹੈ।

### ਪੌਲੁਸ ਦਾ ਸਪੱਸ਼ਟੀਕਰਨ (11:4-16)

**4ਹਰੇਕ ਪੁਰਖ ਜਿਹੜਾ ਸਿਰ ਕੱਜਿਆ ਹੋਇਆ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਦਾ
ਹੈ ਉਹ ਆਪਣੇ ਸਿਰ ਨੂੰ ਬੇਪਤ ਕਰਦਾ ਹੈ। 5ਪਰ ਹਰੇਕ ਇਸਤਰੀ ਜਿਹੜੀ ਅਣਕੱਜੇ
ਸਿਰ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਦੀ ਹੈ ਉਹ ਆਪਣੇ ਸਿਰ ਨੂੰ ਬੇਪਤ ਕਰਦੀ ਹੈ
ਕਿਉਂ ਜੋ ਇਹ ਇਹੋ ਜਿਹੀ ਗੱਲ ਹੈ ਭਈ ਮਾਨੋ ਉਹ ਦਾ ਸਿਰ ਮੁੰਨਿਆ ਗਿਆ।
6ਕਿਉਂਕਿ ਜੇ ਇਸਤਰੀ ਸਿਰ ਨਾ ਕੱਜੇ ਤਾਂ ਆਪਣੀ ਗੁੱਤ ਭੀ ਵਢਾਵੇ ਅਤੇ ਜੇ ਇਸਤਰੀ
ਗੁੱਤ ਵੱਢੀ ਹੋਈ ਅਥਵਾ ਸਿਰ ਮੁੰਨੀਂ ਹੋਈ ਬੇਪਤ ਹੁੰਦੀ ਹੈ ਤਾਂ ਸਿਰ ਕੱਜੇ। 7ਕਿਉਂ ਜੋ
ਪੁਰਖ ਨੂੰ ਆਪਣਾ ਸਿਰ ਕੱਜਿਆ ਰੱਖਣਾ ਨਹੀਂ ਚਾਹੀਦਾ ਇਸ ਲਈ ਜੋ ਉਹ ਪਰਮੇਸ਼ੁਰ
ਦਾ ਸਰੂਪ ਅਤੇ ਪਰਤਾਪ ਹੈ ਪਰੰਤੂ ਇਸਤਰੀ ਪੁਰਖ ਦਾ ਪਰਤਾਪ ਹੈ। 8ਕਿਉਂ ਜੋ ਪੁਰਖ
ਇਸਤਰੀ ਤੋਂ ਨਹੀਂ ਹੋਇਆ ਪਰ ਇਸਤਰੀ ਪੁਰਖ ਤੋਂ ਹੋਈ। 9ਅਤੇ ਨਾ ਪੁਰਖ ਇਸਤਰੀ
ਦੇ ਲਈ ਉਤਪਤ ਹੋਇਆ ਪਰ ਇਸਤਰੀ ਪੁਰਖ ਦੇ ਲਈ ਉਤਪਤ ਹੋਈ। 10ਇਸ ਕਰਕੇ
ਇਸਤਰੀ ਨੂੰ ਚਾਹੀਦਾ ਹੈ ਜੋ ਦੂਤਾਂ ਦੇ ਕਾਰਨ ਆਪਣੇ ਸਿਰ ਉੱਤੇ ਇਖ਼ਤਿਆਰ ਦਾ
ਨਿਸ਼ਾਨ ਰੱਖੋ। 11ਤਾਂ ਭੀ ਪ੍ਰਭੂ ਵਿੱਚ ਨਾ ਇਸਤਰੀ ਪੁਰਖ ਤੋਂ ਅੱਡ ਹੈ ਅਤੇ ਨਾ ਪੁਰਖ**

**ਇਸਤਰੀ ਤੋਂ ਅੱਡ। [12]ਕਿਉਂਕਿ ਜਿਸ ਪਰਕਾਰ ਇਸਤਰੀ ਪੁਰਖ ਤੋਂ ਹੈ ਉਸੇ ਪਰਕਾਰ ਪੁਰਖ ਇਸਤਰੀ ਦੇ ਰਾਹੀਂ ਹੈ ਪਰ ਸੱਭੋ ਕੁਝ ਪਰਮੇਸ਼ੁਰ ਤੋਂ ਹੈ।**

**[13]ਤੁਸੀਂ ਆਪੇ ਨਿਆਉਂ ਕਰੋ, ਭਲਾ, ਇਹ ਫਬਦਾ ਹੈ ਜੋ ਇਸਤਰੀ ਨੰਗੇ ਸਿਰ ਪਰਮੇਸ਼ੁਰ ਦੇ ਅੱਗੇ ਪ੍ਰਾਰਥਨਾ ਕਰੇ? [14]ਕੀ ਕੁਦਰਤ ਵੀ ਆਪ ਤੁਹਾਨੂੰ ਨਹੀਂ ਸਿਖਾਲਦੀ ਹੈ ਭਈ ਜੇ ਪੁਰਖ ਸਿਰ ਦੇ ਵਾਲ ਲੰਮੇ ਰੱਖੇ ਤਾਂ ਉਹ ਦੇ ਲਈ ਨਿਰਾਦਰ ਹੈ? [15]ਪਰੰਤੂ ਜੇ ਇਸਤਰੀ ਲੰਮੇ ਵਾਲ ਰੱਖੇ ਤਾਂ ਉਹ ਦੇ ਲਈ ਸਜਾਉਟ ਹੈ ਕਿਉਂ ਜੋ ਵਾਲ ਉਸ ਨੂੰ ਪੜਦੇ ਦੇ ਥਾਂ ਦਿੱਤੇ ਹੋਏ ਹਨ। [16]ਪਰ ਜੇ ਕੋਈ ਝਾਗੜੂ ਮਲੂਮ ਹੋਵੇ ਤਾਂ ਨਾ ਸਾਡਾ ਕੋਈ ਇਹੋ ਜਿਹਾ ਦਸਤੂਰ ਹੈ ਅਤੇ ਨਾ ਪਰਮੇਸ਼ੁਰ ਦੀਆਂ ਕਲੀਸਿਯਾਂ ਦਾ।**

**ਆਇਤ 4.** ਭਾਵੇਂ **ਪ੍ਰਾਰਥਨਾ** ਨੂੰ ਪਵਿੱਤਰ ਆਤਮਾ ਦੀ ਵਿਸ਼ੇਸ਼ ਦਾਤ ਮੰਨਿਆ ਜਾਵੇ ਜਾਂ ਨਾ, ਪਰ **ਅਗੰਮ ਵਾਕ** ਨਿਸ਼ਚਿਤ ਤੌਰ ’ਤੇ ਇੱਕ ਵਿਸ਼ੇਸ਼ ਦਾਤ ਹੈ। ਪੌਲੁਸ ਇਨ੍ਹਾਂ ਦੋਹਾਂ ਗਤੀਵਿਧੀਆਂ ਦਾ ਹਵਾਲਾ ਉਸ ਤਰ੍ਹਾਂ ਦੇ ਰਿਹਾ ਸੀ ਜਿਸ ਤਰ੍ਹਾਂ ਇਹ ਕਲੀਸਿਆ ਦੇ ਇਕੱਠੇ ਹੋਣ ਵੇਲੇ ਕੀਤੀਆਂ ਜਾਂਦੀਆਂ ਸਨ।[6] ਜਦਕਿ **ਜਿਹੜਾ ਸਿਰ ਕੱਜਿਆ ਹੋਇਆ** (ਸ਼ਾਬਦਿਕ, “ਸਿਰ ਦੇ ਅਨੁਸਾਰ ਹੋਇਆ”) ਲੰਮੇ ਵਾਲਾਂ ਦਾ ਹਵਾਲਾ ਹੋ ਸਕਦਾ ਹੈ, ਤਾਂ ਵੀ ਅਗਲੀ ਆਇਤ ਇਹ ਸਪੱਸ਼ਟ ਕਰ ਦਿੰਦੀ ਹੈ ਕਿ ਪੌਲੁਸ ਸਿਰ ਕੱਜਣ ਬਾਰੇ ਗੱਲ ਕਰ ਰਿਹਾ ਸੀ। ਪੌਲੁਸ ਅਲੱਗ ਤੋਂ ਲਏ ਗਏ ਪੜਦੇ ਦੀ ਤੁਲਨਾ ਵਾਲਾਂ ਦੁਆਰਾ ਹੋਣ ਵਾਲੇ ਸੁਭਾਵਕ ਪੜਦੇ ਨਾਲ ਕਰਦਾ ਹੈ। ਜੇਕਰ ਵਾਲਾਂ ਦੀ ਲੰਮਾਈ ਮਸਲਾ ਸੀ ਤਾਂ ਪੌਲੁਸ ਇਹ ਤਰਕ ਪੇਸ਼ ਕਰਦਾ ਜਾਪਦਾ ਹੈ ਕਿ ਪੁਰਸ਼ ਨੂੰ ਹਮੇਸ਼ਾ ਆਪਣਾ ਸਿਰ ਮੁਨਾ ਕੇ ਰੱਖਣਾ ਪਵੇਗਾ ਤਾਂ ਜੋ ਉਹ ਅਰਾਧਨਾ ਕਰ ਸਕੇ। ਅਜਿਹੀ ਮੰਗ ਉੱਤੇ ਵਿਸ਼ਵਾਸ ਕਰਨਾ ਔਖਾ ਜਾਪਦਾ ਹੈ। ਇਸ ਦੇ ਨਾਲ ਹੀ ਉਸ ਨੇ ਇਸਤਰੀ ਦਿਆਂ ਵਾਲਾਂ ਨੂੰ ਉਸ ਦੀ “ਸਜਾਉਟ” ਆਖਿਆ (11:15)। ਕੋਈ ਇਸਤਰੀ ਆਪਣੀ ਸਜਾਉਟ ਨੂੰ ਭਲਾ ਕਿਉਂ ਕੱਜੇਗੀ? ਬੇਨ ਵਿਦਰਿੰਗਟਨ III ਦੇ ਅਨੁਸਾਰ,

> ਵਾਲਾਂ ਬਾਰੇ ਪੌਲੁਸ ਦੀ ਚਰਚਾ (ਆਇਤਾਂ 14 ਤੋਂ ਅੱਗੇ) ਅੰਤ ਵਿੱਚ ਇੱਕ ਸਮਰਥਨਕਾਰੀ ਤਰਕ ਵਜੋਂ, ਸਿਰ ਕੱਜਣ ਦੇ ਇੱਕ ਉਦਾਹਰਣ ਵਜੋਂ ਲਿਆਂਦੀ ਗਈ ਹੈ। . . . ਮਸਲਾ ਹੈ ਸਿਰ ਕੱਜਣਾ।[7]

ਪੁਰਾਣੀਆਂ ਕਮੈਂਟ੍ਰੀਆਂ ਅਤੇ ਕੁਝ ਨਵੀਆਂ ਵੀ ਪੁਰਸ਼ਾਂ ਦੁਆਰਾ ਸਿਰ ਕੱਜਣ ਬਾਰੇ ਪੌਲੁਸ ਦੀ ਟਿੱਪਣੀ ਦੀ ਵਿਆਖਿਆ ਇੱਕ ਅਲੰਕਾਰ ਵਜੋਂ ਕਰਦੀਆਂ ਹਨ ਜਿਸ ਨੂੰ ਪੁਰਸ਼ ਪਾਠਕਾਂ ਦੇ ਨਾਲ-ਨਾਲ ਇਸਤਰੀ ਪਾਠਕਾਂ ਨੂੰ ਸੰਬੋਧਿਤ ਕਰਨ ਲਈ ਇਸਤੇਮਾਲ ਕੀਤਾ ਗਿਆ ਹੈ। ਇਸ ਵਿਚਾਰਧਾਰਾ ਦੇ ਅਨੁਸਾਰ ਪੌਲੁਸ ਨੂੰ ਇਸ ਬਾਰੇ ਚਿੰਤਾ ਨਹੀਂ ਸੀ ਕਿ ਪੁਰਸ਼ ਆਪਣਾ ਸਿਰ ਕਿਸ ਨਾਲ ਕੱਜ ਰਹੇ ਸਨ; ਦਰਅਸਲ ਸਿਰ ਕੱਜਣ ਬਾਰੇ ਤਾਂ ਉਹ ਇਸਤਰੀਆਂ ਨਾਲ ਗੱਲ ਕਰ ਰਿਹਾ ਸੀ। ਓਸਟਰ ਨੇ ਦਰਸਾਇਆ ਕਿ ਇਹ ਵਿਆਖਿਆ ਗਲਤ ਹੈ। ਸਾਹਿਤਕ ਅਤੇ ਪੁਰਾਤੱਤਵ ਪ੍ਰਮਾਣ ਦਰਸਾਉਂਦੇ ਹਨ ਕਿ ਮੂਰਤੀ ਪੂਜਾ ਵੇਲੇ ਪੁਰਸ਼ਾਂ ਅਤੇ ਇਸਤਰੀਆਂ ਦੁਆਰਾ ਸਿਰ ਕੱਜਣਾ ਇੱਕ ਆਮ ਪ੍ਰਥਾ ਹੁੰਦੀ ਸੀ।[8] ਮਸੀਹੀ ਪੁਰਸ਼ਾਂ ਦੁਆਰਾ ਸਿਰ ਕੱਜਣਾ ਰਸੂਲ ਪੌਲੁਸ ਲਈ ਇੱਕ ਮਹੱਤਵਪੂਰਣ ਮਸਲਾ ਸੀ।

ਪਹਿਲੀ ਸਦੀ ਦੇ ਮੱਧ ਵਿੱਚ ਕੁਰਿੰਥੁਸ ਉੱਤੇ ਰੋਮੀ ਸਭਿਆਚਾਰ ਦਾ ਬਹੁਤ ਵਧੀਕ ਪ੍ਰਭਾਵ ਸੀ। ਰੋਮੀ ਧਾਰਮਿਕ ਰਸਮਾਂ ਮੰਗ ਕਰਦੀਆਂ ਸਨ ਕਿ ਦੇਵਤਿਆਂ ਦੀ ਪੂਜਾ ਕਰਨ

ਵੇਲੇ ਭਗਤ, ਪੁਰਸ਼ ਅਤੇ ਇਸਤਰੀਆਂ, ਕਿਸੇ ਨਾ ਕਿਸੇ ਕੱਪੜੇ ਦੇ ਨਾਲ ਆਪਣੇ ਸਿਰ ਕੱਜ ਕੇ ਰੱਖਣ। ਰੋਮੀ ਪਿਛੋਕੜ ਦੇ ਮਸੀਹੀ ਲੋਕਾਂ ਨੇ "ਪ੍ਰਾਰਥਨਾ ਅਥਵਾ ਅਗੰਮ ਵਾਕ" ਕਰਦਿਆਂ ਸਿਰ ਕੱਜਣਾ ਜਾਰੀ ਰੱਖਿਆ। ਓਸਟਰ ਦਾ ਤਰਕ ਇਹ ਸੀ ਕਿ ਪੌਲੁਸ ਦੇ ਅਨੁਸਾਰ "ਅਰਾਧਨਾ ਵੇਲੇ ਪੁਰਸ਼ਾਂ ਦੁਆਰਾ ਸਿਰ ਕੱਜਣਾ ਦਰਅਸਲ 11:3 ਵਿੱਚ ਦਰਸਾਈ ਗਈ ਪੁਰਸ਼ 'ਪ੍ਰਧਾਨਗੀ' ਦੇ ਵਿਰੁੱਧ ਸੀ।"[9]

ਨਿਰਸੰਦੇਹ ਪੌਲੁਸ ਰੋਮੀ ਰਸਮਾਂ ਦੇ ਅਨੁਸਾਰ ਮਸੀਹੀ ਮੰਡਲੀਆਂ ਵਿੱਚ ਪੁਰਸ਼ਾਂ ਦੁਆਰਾ ਸਿਰ ਕੱਜੇ ਜਾਣ ਦੀ ਪ੍ਰਥਾ ਨੂੰ ਸੁਧਾਰਨਾ ਚਾਹੁੰਦਾ ਸੀ। ਪੌਲੁਸ ਰੋਮੀ ਅਤੇ ਹੋਰ ਇਸਤਰੀਆਂ ਨੂੰ ਵੀ ਸੁਧਾਰ ਰਿਹਾ ਸੀ, ਜੋ "ਪ੍ਰਾਰਥਨਾ ਅਥਵਾ ਅਗੰਮ ਵਾਕ" ਕਰਦਿਆਂ ਆਪਣੇ ਸਿਰ ਨਹੀਂ ਕੱਜਦੀਆਂ ਸਨ।

ਐਵਰੇੱਟ ਫਰਗੁਸਨ ਨੇ ਆਖਿਆ, ". . . ਇਹ ਤੱਥ ਕਿ ਕੁਰਬਾਨੀ ਵਿਚਲੀ ਰਸਮ ਇਸਤਰੀਆਂ ਦੇ ਨਾਲ-ਨਾਲ ਪੁਰਸ਼ਾਂ 'ਤੇ ਵੀ ਲਾਗੂ ਹੁੰਦੀ ਸੀ, ਇਸ ਸਪੱਸ਼ਟੀਕਰਨ ਨੂੰ ਪੇਚੀਦਾ ਬਣਾ ਦਿੰਦਾ ਹੈ।"[10] ਉਨ੍ਹਾਂ ਨੇ ਲਿਖਿਆ,

> ਜੇਕਰ ਸਾਨੂੰ 1 ਕੁਰਿੰਥੀਆਂ 11 ਦੇ ਸਮਾਜਕ ਸੰਦਰਭ ਦੀ ਪੁਰਨਰਚਨਾ ਕਰਨੀ ਪਵੇ, ਤਾਂ ਸਾਨੂੰ ਕਲਪਨਾ ਕਰਨੀ ਪਵੇਗੀ ਕਿ ਕਲੀਸਿਆ ਜਾਂ ਮਸੀਹੀ ਲੋਕਾਂ ਦਾ ਸਮੂਹ ਕਿਸੇ ਧਨਵਾਨ ਮੈਂਬਰ ਜਾਂ ਸਮਰਥਕ ਦੇ ਘਰ ਵਿੱਚ ਇਕੱਠਾ ਹੁੰਦਾ ਸੀ। ਉਸ ਘਰ ਦੀਆਂ ਇਸਤਰੀਆਂ ਨੂੰ ਆਪਣੇ ਘਰ ਵਿੱਚ ਖੁੱਲ੍ਹ ਕੇ ਬੋਲਣ ਅਤੇ ਅਣਕੱਜੇ ਸਿਰ ਨਾਲ ਫਿਰਨ ਦੀ ਆਦਤ ਹੁੰਦੀ ਸੀ। ਹਾਲਾਤ ਦੀ ਵਿਸ਼ੇਸ਼ਤਾ ਦੇ ਕਾਰਨ "ਜਿਸ ਵੇਲੇ ਤੁਸੀਂ ਕਲੀਸਿਯਾ ਵਿੱਚ ਇਕੱਠੇ ਹੁੰਦੇ ਹੋ" (1 ਕੁਰਿੰਥੀਆਂ 11:18), ਜਦ "ਸਾਰੀ ਕਲੀਸਿਯਾ ਇੱਕ ਥਾਂ ਇਕੱਠੀ ਹੋਵੇ" (1 ਕੁਰਿੰਥੀਆਂ 14:23), ਉਸ ਵੇਲੇ ਲਈ ਪੌਲੁਸ ਜਨਤਕ ਸਭਾ ਦੇ ਲਈ ਪਹਿਰਾਵੇ ਅਤੇ ਵਿਹਾਰ ਦਾ ਨਿਰਦੇਸ਼ ਦਿੰਦਾ ਹੈ।[11]

**ਆਇਤ 5.** ਇਸਤਰੀ ਜਿਹੜੇ ਸਿਰ ਨੂੰ ਤਦ ਬੇਪਤ ਕਰਦੀ ਹੈ ਜਦ ਉਹ **ਅਣਕੱਜੇ ਸਿਰ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਦੀ ਹੈ** ਉਹ ਉਸ ਦਾ ਆਪਣਾ ਸਿਰ ਹੈ; ਅਰਥਾਤ ਉਹ ਆਪਣੀ ਬੇਇੱਜ਼ਤੀ ਕਰਾਉਂਦੀ ਹੈ। ਇਹ ਜ਼ੋਰ ਦੇਣ ਦਾ ਕੋਈ ਕਾਰਨ ਨਹੀਂ ਹੈ ਕਿ ਪੌਲੁਸ 11:5 ਵਿੱਚ "ਸਿਰ" ਸ਼ਬਦ ਦੀ ਵਰਤੋਂ ਰੂਪਕ ਵਜੋਂ ਉਸ ਦੇ ਪਤੀ ਲਈ ਕਰ ਰਿਹਾ ਸੀ, ਜਿਵੇਂ ਕਿ ਉਸ ਨੇ 11:3 ਵਿੱਚ ਕੀਤਾ ਸੀ।

ਅਗੰਮ ਵਾਕ ਪਵਿੱਤਰ ਆਤਮਾ ਦੇ ਮਸਹ ਹੇਠ ਕੀਤਾ ਜਾਂਦਾ ਸੀ। ਸ਼ਾਇਦ ਜਿਸ ਪ੍ਰਾਰਥਨਾ ਦਾ ਜ਼ਿਕਰ ਪੌਲੁਸ ਨੇ ਕੀਤਾ ਉਹ ਅਗੰਮ ਵਾਕ ਦਾ ਹੀ ਹਿੱਸਾ ਹੋਵੇ। ਪੌਲੁਸ ਉਸ ਇਸਤਰੀ ਦੇ ਕੰਮਾਂ ਉੱਤੇ ਬੰਦਸ਼ਾਂ ਲਾਉਣ ਦਾ ਜਤਨ ਨਹੀਂ ਕਰੇਗਾ, ਜੋ ਪਵਿੱਤਰ ਆਤਮਾ ਦੇ ਮਸਹ ਹੇਠ "ਪ੍ਰਾਰਥਨਾ ਅਥਵਾ ਅਗੰਮ ਵਾਕ" ਕਰਦੀ ਹੈ; ਪਰ ਅਜਿਹੇ ਹਾਲਾਤ ਵਿੱਚ ਵੀ, ਉਸ ਨੇ ਨਿਰਦੇਸ਼ ਦਿੱਤਾ ਕਿ ਉਹ ਆਪਣਾ ਸਿਰ ਇਸ ਨਿਸ਼ਾਨੀ ਦੇ ਲਈ ਕੱਜ ਕੇ ਰੱਖੇ ਕਿ ਉਹ ਪੁਰਸ਼ਾਂ ਅਤੇ ਇਸਤਰੀਆਂ ਵਿਚਕਾਰਲੇ ਸਭਿਆਚਾਰਕ ਅੰਤਰ ਨੂੰ ਸਿਆਣਦੀ ਹੈ (ਦੀਆਂ ਟਿੱਪਣੀਆਂ ਵੇਖੋ 14:34, 35)।

ਪੌਲੁਸ ਦੁਆਰਾ ਇੱਕ ਮਸੀਹੀ ਇਸਤਰੀ ਦੇ ਜਨਤਕ ਇਕੱਠ ਵਿੱਚ ਅਣਕੱਜੇ ਸਿਰ ਆਉਣ ਉੱਤੇ ਕੀਤੇ ਗਏ ਇਤਰਾਜ਼ ਦੀਆਂ ਜੜ੍ਹਾਂ ਸ਼ਾਇਦ ਉਸ ਦੀ ਯਹੂਦੀ/ਫਰੀਸੀ ਸਿੱਖਿਆ ਵਿੱਚ ਸਨ। ਜਦ ਕਿਸੇ ਯਹੂਦੀ ਇਸਤਰੀ ਦਾ ਵਿਆਹ ਹੁੰਦਾ ਸੀ, ਤਾਂ ਉਸ ਨੂੰ ਵਿਹਾਰ ਦੇ

ਕੁਝ ਖਾਸ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਸੀ।

> . . . ਉਸ ਨੂੰ ਕੱਪੜੇ ਨਾਲ ਸਿਰ ਕੱਜਣਾ ਪੈਂਦਾ ਸੀ ਜੋ ਉਸ ਦੇ ਵਾਲਾਂ ਨੂੰ ਕੱਜਦਾ ਹੋਇਆ ਉਸ ਦੀ ਠੋਡੀ ਤੱਕ ਆਉਂਦਾ ਸੀ। ਰਿਵਾਜ਼ ਇਹ ਸੀ ਕਿ ਉਹ ਅਣਕੱਜੇ ਸਿਰ ਆਪਣੇ ਘਰੋਂ ਬਾਹਰ ਕਦੇ ਨਹੀਂ ਜਾ ਸਕਦੀ ਸੀ। ਇਹ ਐਨਾ ਸ਼ਰਮਨਾਕ ਮੰਨਿਆ ਜਾਂਦਾ ਸੀ ਕਿ ਅਜਿਹਾ ਕਰਨ 'ਤੇ ਉਸ ਦਾ ਪਤੀ ਉਸ ਦੇ ਦਾਜ ਨੂੰ ਵਾਪਿਸ ਕੀਤੇ ਬਿਨਾ ਉਸ ਨੂੰ ਤਲਾਕ ਦੇ ਸਕਦਾ ਸੀ।[12]

ਪਰਮੇਸ਼ੁਰ ਦੇ ਸਾਹਮਣੇ ਪੁਰਸ਼ਾਂ ਅਤੇ ਇਸਤਰੀਆਂ ਦੀ ਬਰਾਬਰੀ (ਗਲਾਤੀਆਂ 3:28) ਦਾ ਅਰਥ ਇਹ ਨਹੀਂ ਸੀ ਕਿ ਉਨ੍ਹਾਂ ਦੋਹਾਂ ਵਿਚਕਾਰਲੀਆਂ ਸਭਿਆਚਾਰਕ ਭਿੰਨਤਾਵਾਂ ਵੀ ਸਮਾਪਤ ਹੋ ਗਈਆਂ ਹਨ। ਕੁਰਿੰਥੁਸ ਦੀਆਂ ਮਸੀਹੀ ਇਸਤਰੀਆਂ ਅਣਕੱਜੇ ਸਿਰ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਕੇ ਉਸ ਵੇਲੇ ਦੀਆਂ ਸਭਿਆਚਾਰਕ ਰਸਮਾਂ, ਰੱਬੀ ਪਰਕਾਸ਼ (1 ਕੁਰਿੰਥੀਆਂ 11:8, 9), ਅਤੇ ਕੁਦਰਤ (11:14) ਨੂੰ ਸ਼ਰੇਆਮ ਰੱਦ ਕੇ ਆਪਣੀ ਬੇਇੱਜ਼ਤੀ ਕਰਾਉਂਦੀਆਂ ਸਨ।

ਪੌਲੁਸ ਨੇ ਆਪਣੇ ਤਰਕ ਉੱਤੇ ਜ਼ੋਰ ਦੇਣ ਲਈ ਅੱਤਕਥਨੀ ਦੀ ਵਰਤੋਂ ਕੀਤੀ। ਉਸ ਨੇ ਆਖਿਆ ਕਿ ਜਿਹੜੀ ਇਸਤਰੀ ਅਣਕੱਜੇ ਸਿਰ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਦੀ ਹੈ ਉਹ ਅਜਿਹੀ ਹੈ **ਭਈ ਮਾਨੋ ਉਹ ਦਾ ਸਿਰ ਮੁੰਨਿਆ ਗਿਆ** ਹੈ। ਪੌਲੁਸ ਇੱਕ ਤਕੜੇ ਅਲੰਕਾਰ ਦੀ ਵਰਤੋਂ ਕਰ ਰਿਹਾ ਸੀ। ਮੁੰਨਿਆ ਹੋਇਆ ਸਿਰ ਇੱਕ ਇਸਤਰੀ ਦੇ ਲਈ ਬੜਾ ਸ਼ਰਮਨਾਕ ਸੀ; ਪਰ ਇੱਥੇ ਪੌਲੁਸ ਨਾ ਤਾਂ ਵੇਸਵਾਵਾਂ ਦਾ ਹਵਾਲਾ ਦੇ ਰਿਹਾ ਸੀ, ਅਤੇ ਨਾ ਹੀ ਇਸ ਗੱਲ ਦੇ ਕੋਈ ਪ੍ਰਮਾਣ ਹਨ ਕਿ ਕੁਰਿੰਥੁਸ ਵਿੱਚ ਵੇਸਵਾਵਾਂ ਆਪਣੇ ਸਿਰ ਮੁੰਨਦੀਆਂ ਹੁੰਦੀਆਂ ਸਨ।[13] ਡੇਵਿਡ ਈ. ਗਾਰਲੈਂਡ ਨੇ ਆਖਿਆ ਕਿ "ਕਿਸੇ ਇਸਤਰੀ ਦਾ ਮੁੰਨਿਆ ਹੋਇਆ ਸਿਰ ਇੱਕ ਅਸੁਭਾਵਿਕ ਅਵਸਥਾ ਹੈ ਜੋ ਉਸ ਦੇ ਕੁਦਰਤੀ ਪੜਦੇ ਨੂੰ ਹਟਾ ਦਿੰਦਾ ਹੈ, ਅਤੇ ਇਸ ਤਰਕ ਦਾ ਦਿੱਤਾ ਜਾਣਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਉਸ ਸਭਿਆਚਾਰ ਵਿੱਚ ਮੁੰਨਿਆ ਹੋਇਆ ਸਿਰ ਬਹੁਤ ਵੱਡਾ ਨਿਰਾਦਰ ਮੰਨਿਆ ਜਾਂਦਾ ਸੀ।"[14] *ਸਧਾਰਨ ਸ਼ਬਦਾਂ ਵਿੱਚ ਆਖਿਆ ਜਾਵੇ ਤਾਂ ਪੌਲੁਸ ਆਖ ਰਿਹਾ ਸੀ ਭਈ ਪੁਰਸ਼ਾਂ ਨੂੰ ਆਪਣਾ ਸਿਰ ਨਹੀਂ ਕੱਜਣਾ ਚਾਹੀਦਾ ਅਤੇ ਇਸਤਰੀਆਂ ਨੂੰ ਕੱਜਣਾ ਚਾਹੀਦਾ ਹੈ।*

**ਆਇਤ 6.** ਜਿਨ੍ਹਾਂ ਟਿੱਪਣੀਕਾਰਾਂ ਨੇ ਜ਼ੋਰ ਦਿੱਤਾ ਹੈ ਕਿ ਕੁਰਿੰਥੁਸ ਦੀਆਂ ਇਸਤਰੀਆਂ ਦੇ ਮੁੰਨੇ ਹੋਏ ਸਿਰ ਨਾਲ ਜਨਤਕ ਤੌਰ 'ਤੇ ਸਾਹਮਣੇ ਆਉਣਾ ਉਨ੍ਹਾਂ ਦਾ ਜਨਤਕ ਤੌਰ ਹੋਇਆ ਨਿਰਾਦਰ ਹੈ, ਉਸ ਨੂੰ ਬਹੁਤ ਜ਼ਿਆਦਾ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਪੌਲੁਸ ਵਾਲਾਂ ਦੀ ਲੰਮਾਈ ਜਾਂ ਵਾਲਾਂ ਦੇ ਫੈਸ਼ਨ ਬਾਰੇ ਗੱਲ ਨਹੀਂ ਕਰ ਰਿਹਾ ਸੀ। ਪੁਰਸ਼ਾਂ ਅਤੇ ਇਸਤਰੀਆਂ ਦੇ ਵਾਲਾਂ ਦੀ ਲੰਮਾਈ ਸਿਰਫ ਇੱਕ ਉਦਾਹਰਣ ਹੈ, ਮੁੱਖ ਮੁੱਦਾ ਨਹੀਂ। ਪੌਲੁਸ ਨੇ ਮੌਜੂਦਾ ਉਦਾਹਰਣ ਦੀ ਵਰਤੋਂ ਕੀਤੀ ਤਾਂ ਜੋ ਆਪਣੇ ਇਸ ਤਰਕ ਦਾ ਸਮਰਥਨ ਕਰ ਸਕੇ ਕਿ **ਜੇ ਇਸਤਰੀ ਸਿਰ ਨਾ ਕੱਜੇ**, ਤਾਂ ਉਹ **ਆਪਣੀ ਗੁੱਤ ਭੀ ਵਢਾਵੇ।** ਕਿਉਂ ਜੋ ਲੰਮੇ ਵਾਲ ਪੁਰਸ਼ਾਂ ਲਈ ਨਿਰਾਦਰ ਅਤੇ ਇਸਤਰੀਆਂ ਲਈ ਸਜਾਉਟ ਹਨ (11:14, 15), ਇਸ ਕਰਕੇ ਸੁਝਾਉ ਇਹ ਹੈ ਕਿ ਸਿਰ ਕੱਜਣ ਨਾਲ ਇਸਤਰੀ ਦੀ ਸੋਭਾ ਵਧਦੀ ਹੈ ਪਰ ਪੁਰਸ਼ ਦਾ ਸਨਮਾਨ ਘੱਟਦਾ ਹੈ। ਹਾਲਾਂਕਿ ਪੌਲੁਸ ਦਾ ਤਰਕ ਅੱਜ ਦੇ ਸਮੇਂ ਦੇ ਅਨੇਕਾਂ ਲੋਕਾਂ ਨੂੰ ਉਲਝਣ ਵਿੱਚ ਪਾ ਦਿੰਦਾ ਹੈ, ਤਾਂ ਵੀ ਇਹ ਕੁਰਿੰਥੁਸ ਦੇ ਯਹੂਦੀ ਅਤੇ ਮੂਰਤੀ ਪੂਜਕ

ਪਿਛੋਕੜ ਦੇ ਮਸੀਹੀਆਂ ਲਈ ਬਹੁਤ ਸਾਰਥਕ ਸੀ ਕਿਉਂਕਿ ਇਹ ਉਨ੍ਹਾਂ ਦੇ ਜੀਵਨ ਦੇ ਹਾਲਾਤਾਂ ਨਾਲ ਸੰਬੰਧਤ ਸੀ।

ਉਸ ਵੇਲੇ ਉੱਠਿਆ ਪ੍ਰਸ਼ਨ ਪੁਰਸ਼ਾਂ ਅਤੇ ਇਸਤਰੀਆਂ ਦੇ ਆਪਸੀ ਸੰਬੰਧਾਂ ਦੇ ਪ੍ਰਤੀ ਢੁਕਵੇਂ ਵਿਹਾਰ ਵਿੱਚ ਭਿੰਨਤਾ ਕਰਨ ਵਾਲੀਆਂ ਸਮਾਜਕ ਰਸਮਾਂ ਬਾਰੇ ਸੀ। ਜਿੱਥੇ ਇੱਕ ਪਾਸੇ ਇਸਤਰੀ ਦੇ ਵਾਲਾਂ ਦੀ ਲੰਮਾਈ ਨਾਲ ਕੋਈ ਫਰਕ ਨਹੀਂ ਪੈਂਦਾ, ਉੱਥੇ ਹੀ ਦੂਜੇ ਪਾਸੇ ਇਹ ਆਇਤਾਂ ਸੰਕੇਤ ਕਰਦੀਆਂ ਹਨ ਕਿ ਮਸੀਹੀਆਂ ਨੂੰ ਆਪਣੇ ਸਮਾਜਕ ਰੀਤਾਂ ਦੇ ਅਨੁਸਾਰ ਜੀਉਣ ਦੀ ਲੋੜ ਹੈ, ਜਦ ਤੱਕ ਕਿ ਇਹ ਰੀਤਾਂ ਅਨੈਤਿਕਤਾ ਜਾਂ ਧਾਰਮਿਕ ਰਸਮਾਂ ਨਾਲ ਭਰੀਆਂ ਨਾ ਹੋਣ। ਕੁਰਿੰਥੁਸ ਦੇ ਸਮਾਜ ਮਾਹੋਲ ਵਿੱਚ ਮੁੰਨਿਆ ਸਿਰ ਅਤੇ ਅਣਕੱਜਿਆ ਸਿਰ ਪੁਰਸ਼ਾਂ ਅਤੇ ਇਸਤਰੀਆਂ ਵਿਚਲੀ ਸਮਾਜਕ ਭਿੰਨਤਾ ਦਾ ਨਿਰਾਦਰ ਸੀ।

**ਆਇਤ 7.** ਇਹ ਦਰਸਾਉਣ ਲਈ, ਕਿ ਇਸਤਰੀਆਂ ਨੂੰ ਆਪਣਾ ਸਿਰ ਕੱਜਣਾ ਚਾਹੀਦਾ ਹੈ ਅਤੇ ਪੁਰਸ਼ਾਂ ਨੂੰ ਨਹੀਂ ਕੱਜਣਾ ਚਾਹੀਦਾ, ਸਮਾਜਕ ਰੀਤਾਂ ਦਾ ਹਵਾਲਾ ਦੇ ਕੇ ਪੌਲੁਸ 11:7 ਵਿੱਚ ਆਪਣੇ ਪਰਕਾਸ਼ ਉੱਤੇ ਵਾਪਿਸ ਆਉਂਦਾ ਹੈ। ਜਿਸ ਬਿੰਦੂ ਨੂੰ ਉਸ ਨੇ 11:3 ਵਿੱਚ ਅਰੰਭ ਕੀਤਾ ਸੀ ਉਸ ਨੂੰ ਉਹ ਅਗਾਂਹ ਵਧਾਉਂਦਾ ਹੈ: ਹਰੇਕ ਪੁਰਖ ਦਾ ਸਿਰ ਮਸੀਹ ਹੈ ਅਤੇ ਇਸਤਰੀ ਦਾ ਸਿਰ ਪੁਰਖ ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ। ਪੌਲੁਸ ਨੇ ਤਰਕ ਪੇਸ਼ ਕੀਤਾ ਕਿ ਜਿਹੜਾ ਪੁਰਸ਼ ਸਿਰ ਕੱਜ ਕੇ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਦਾ ਹੈ ਉਹ ਪਰਮੇਸ਼ੁਰ ਦਾ ਨਿਰਾਦਰ ਕਰਦਾ ਹੈ। ਸਰਿਸ਼ਟੀ ਵੇਲੇ ਪਰਮੇਸ਼ੁਰ ਨੇ ਪੁਰਸ਼ ਨੂੰ ਆਪਣੇ ਸਰੂਪ ਵਿੱਚ ਸਿਰਜਿਆ ਸੀ (ਉਤਪਤ 1:26)। ਸਰਿਸ਼ਟੀ ਦੇ ਇਸ ਹਿੱਸੇ ਨੇ ਪਰਮੇਸ਼ੁਰ ਦੇ ਨਾਲ ਪੁਰਸ਼ ਦੇ ਸੰਬੰਧ ਨੂੰ ਦਰਸਾਇਆ ਸੀ। ਫਿਰ ਪਰਮੇਸ਼ੁਰ ਨੇ ਇਸਤਰੀ ਨੂੰ ਸਿਰਜਿਆ। ਸਰਿਸ਼ਟੀ ਦੇ ਕ੍ਰਮ ਤੋਂ ਪੌਲੁਸ ਨੇ ਤਰਕ ਪੇਸ਼ ਕੀਤਾ ਕਿ ਪੁਰਸ਼ ਅਤੇ ਇਸਤਰੀ ਵਿਚਕਾਰ ਇੱਕ ਅਟੁੱਟ ਸੰਬੰਧ ਹੈ। ਸਿਰ ਕੱਜਣਾ ਉਨ੍ਹਾਂ ਭੂਮਿਕਾਵਾਂ ਦਾ ਪ੍ਰਤੀਕ ਸੀ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਠਹਿਰਾਇਆ ਹੈ। ਇਸ ਤੱਥ ਨੂੰ ਪੇਸ਼ ਕਰਨ ਲਈ ਹੋਰ ਵੀ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਹੋਵੇਗੀ।

ਜਦ ਪੌਲੁਸ ਨੇ ਆਖਿਆ ਕਿ ਪੁਰਸ਼ "ਪਰਮੇਸ਼ੁਰ ਦਾ ਪਰਤਾਪ" ਹੈ, ਤਾਂ ਉਸ ਦਾ ਭਾਵ ਇਹ ਸੀ ਕਿ ਉਸ ਦਾ ਮਾਨਸਿਕ, ਸਰੀਰਕ ਅਤੇ ਆਤਮਕ ਸਰੂਪ ਪਰਮੇਸ਼ੁਰ ਦੇ ਪਰਤਾਪ ਨੂੰ ਝਲਕਾਉਂਦਾ ਹੈ। ਇਸ ਦੇ ਉਲਟ ਇਸਤਰੀ ਆਪਣੇ ਪਤੀ ਦੇ ਪਰਤਾਪ ਨੂੰ ਝਲਕਾਉਂਦੀ ਹੈ। ਰਸੂਲ ਇੱਥੇ ਹੀ ਰੁਕ ਜਾਂਦਾ ਹੈ। ਉਸ ਨੇ ਇਹ ਸੁਝਾਉ ਨਹੀਂ ਦਿੱਤਾ ਕਿ ਇਸਤਰੀ ਦਾ ਆਪਣੇ ਲਿੰਗ ਦੇ ਕਾਰਨ ਪਰਮੇਸ਼ੁਰ ਦੇ ਸਾਹਮਣੇ ਦਰਜਾ ਘੱਟ ਜਾਂ ਵੱਧ ਹੈ ਜਾਂ ਫਿਰ ਉਸ ਉੱਤੇ ਕਿਰਪਾ ਹੁੰਦੀ ਹੈ।

**ਆਇਤਾਂ 8, 9.** ਸਪੱਸ਼ਟੀਕਰਨ ਦੇ ਤੌਰ 'ਤੇ ਦਿੱਤੇ ਗਏ **ਕਿਉਂ ਜੋ** (γάρ, *ਗਾਰ*) ਤੋਂ ਅਰੰਭ ਕਰਕੇ, ਪੌਲੁਸ ਇਹ ਪ੍ਰਮਾਣ ਪੇਸ਼ ਕਰਦਾ ਜਾਂਦਾ ਹੈ ਕਿ ਇਸਤਰੀ ਆਪਣੇ ਪਤੀ ਦਾ ਪਰਤਾਪ ਹੈ (11:7)। ਉਤਪਤ ਵਿੱਚ ਦਰਜ ਘਟਨਾਕ੍ਰਮ ਪੁਰਸ਼ ਦੀ ਪ੍ਰਾਥਮਿਕਤਾ ਨੂੰ ਪੇਸ਼ ਕਰਦਾ ਹੈ। ਪਰਮੇਸ਼ੁਰ ਨੇ ਪਹਿਲਾਂ ਪੁਰਸ਼ ਦੀ ਰਚਨਾ ਕੀਤੀ ਅਤੇ ਫਿਰ ਉਸ ਦੀ ਇੱਕ ਢੁਕਵੀਂ ਸਾਥਣ ਵਜੋਂ ਇਸਤਰੀ ਦੀ ਰਚਨਾ ਕੀਤੀ (ਉਤਪਤ 2:7, 22)। ਰਚਨਾ ਦੇ ਕ੍ਰਮ ਵਿੱਚ ਇਸਤਰੀ ਦੇ ਜੀਵਨ ਦਾ ਸਰੋਤ ਪੁਰਸ਼ ਸੀ। ਪੌਲੁਸ ਨੇ ਤਰਕ ਪੇਸ਼ ਕੀਤਾ ਕਿ ਸਿਰ ਕੱਜਣਾ, ਕੁਰਿੰਥੁਸ ਦੀਆਂ ਸਮਾਜਕ ਰਸਮਾਂ ਦੇ ਅਨੁਸਾਰ, ਸਰਿਸ਼ਟੀ ਵਿੱਚ ਪੁਰਸ਼ ਦੀ ਪ੍ਰਾਥਮਿਕਤਾ ਦਾ ਚਿੰਨ੍ਹ ਸੀ।

ਉਤਪਤ ਤੋਂ ਹਵਾਲਾ ਲੈਣਾ ਜਾਰੀ ਰੱਖਦਿਆਂ ਪੌਲੁਸ ਨੇ 11:9 ਵਿੱਚ ਵੇਰਵਾ ਪੇਸ਼ ਕੀਤਾ ਕਿ ਸਿਰ ਕੱਜਣਾ ਸਰਿਸ਼ਟੀ ਵੇਲੇ ਠਹਿਰਾਏ ਗਏ ਪਰਮੇਸ਼ੁਰ ਦੇ ਕ੍ਰਮ ਅਤੇ ਉਦੇਸ਼ ਦਾ ਪ੍ਰਤੀਕ ਸੀ। ਇਸਤਰੀ ਦੀ ਰਚਨਾ ਇਸ ਕਰਕੇ ਕੀਤੀ ਗਈ ਸੀ ਕਿ ਪੁਰਸ਼ ਨੂੰ ਇੱਕ ਢੁਕਵੀਂ ਸਾਥਣ ਮਿਲ ਸਕੇ, ਇਸ ਲਈ ਨਹੀਂ ਕਿ ਇਸਤਰੀ ਨੂੰ ਇੱਕ ਢੁਕਵਾਂ ਸਾਥੀ ਮਿਲ ਸਕੇ। ਪੌਲੁਸ ਦੇ ਅਨੁਸਾਰ, **ਨਾ ਪੁਰਖ ਇਸਤਰੀ ਦੇ ਲਈ ਉਤਪਤ ਹੋਇਆ ਪਰ ਇਸਤਰੀ ਪੁਰਖ ਦੇ ਲਈ ਉਤਪਤ ਹੋਈ।** ਪਰਮੇਸ਼ੁਰ ਨੇ ਨਾ ਤਾਂ ਪੁਰਸ਼ ਅਤੇ ਇਸਤਰੀ ਦੀ ਸਿਰਜਣਾ ਇਕੱਠਿਆਂ ਕੀਤੀ ਸੀ ਅਤੇ ਨਾ ਹੀ ਇਸਤਰੀ ਦੀ ਸਿਰਜਣਾ ਪੁਰਸ਼ ਤੋਂ ਪਹਿਲਾਂ ਕੀਤੀ ਸੀ। ਇਸੇ ਕਰਕੇ ਜਦ ਪੁਰਸ਼ ਅਤੇ ਇਸਤਰੀਆਂ ਜਨਤਕ ਸਭਾਵਾਂ ਵਿੱਚ ਇਕੱਠੇ ਆਉਂਦੇ ਸਨ ਤਾਂ ਇੱਕ ਉਚਿੱਤ ਸਮਾਜਕ ਭਿੰਨਤਾ ਕਾਇਮ ਰੱਖਣੀ ਜ਼ਰੂਰੀ ਸੀ। ਪੁਰਸ਼ ਦੇ ਲਈ ਸਿਰ ਕੱਜਣਾ (11:7) ਜਾਂ ਇਸਤਰੀ ਦਾ ਅਣਕੱਜੇ ਸਿਰ ਆਉਣਾ (11:6) ਪਰਮੇਸ਼ੁਰ ਵੱਲੋਂ ਠਹਿਰਾਈ ਗਈ ਭਿੰਨਤਾ ਦੀ ਅਣਦੇਖੀ ਸੀ।

**ਆਇਤ 10.** ਜਦ ਪੌਲੁਸ ਨੇ ਆਖਿਆ, **ਇਸ ਕਰਕੇ** (διὰ τοῦτο, *ਡਿਯਾ ਟੋਉਟੋ*, ਸ਼ਾਬਦਿਕ, "ਇਸ ਦੇ ਕਰਕੇ . . ."), ਤਾਂ ਨਿਰਸੰਦੇਹ ਉਹ ਸੰਕੇਤ ਕਰ ਰਿਹਾ ਸੀ ਕਿ ਉਸ ਦਾ ਇਹ ਸਿੱਟਾ ਉਸ ਦਲੀਲ ਤੋਂ ਨਿਕਲਿਆ ਹੈ ਜਿਹੜੀ ਉਸ ਨੇ ਸਰਿਸ਼ਟੀ ਦੇ ਬਿਰਤਾਂਤ ਵਿੱਚੋਂ ਦਿੱਤੀ ਹੈ। ਪਰ ਫਿਰ ਵੀ ਉਤਪਤ ਵਿੱਚੋਂ ਜਿਹੜੇ ਬਿੰਦੂ ਉਸ ਨੇ ਕੱਢੇ ਸਨ ਉਹ ਇਸਤਰੀ ਵੱਲੋਂ ਪੁਰਸ਼ ਦੀ ਅਧੀਨਤਾ ਵਿੱਚ ਆਉਣ ਉੱਤੇ ਕੇਂਦਰਿਤ ਨਹੀਂ ਹਨ। ਇਹ ਤਾਂ ਸਿਰਫ ਉਨ੍ਹਾਂ ਦੋਹਾਂ ਵਿਚਲੀ ਸਮਾਜਕ ਭਿੰਨਤਾ ਨੂੰ ਸਹੀ ਠਹਿਰਾਉਂਦੇ ਹਨ; ਅਰਥਾਤ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਦਿਆਂ ਇਸਤਰੀ ਨੂੰ ਆਪਣਾ ਸਿਰ ਕੱਜਣਾ ਸੀ ਅਤੇ ਪੁਰਸ਼ ਨੂੰ ਨਹੀਂ ਕੱਜਣਾ ਸੀ। ਸਿਰ ਕੱਜਣ ਬਾਰੇ ਆਪਣੀ ਚਰਚਾ ਵਿੱਚ ਪੌਲੁਸ ਪਹਿਲੀ ਵਾਰੀ ਇੱਥੇ "ਇਖ਼ਤਿਆਰ" (ἐξουσία, *ਐਕਸੋਉਸਿਆ*) ਦੀ ਗੱਲ ਕਰਦਾ ਹੈ। NASB ਆਖਦੀ ਹੈ, **ਇਸਤਰੀ ਨੂੰ ਚਾਹੀਦਾ ਹੈ ਜੋ . . . ਆਪਣੇ ਸਿਰ ਉੱਤੇ ਇਖ਼ਤਿਆਰ *ਦਾ ਪ੍ਰਤੀਕ* ਰੱਖੇ।** NASB ਵਿੱਚ ਦਿੱਤੇ ਗਏ ਤਿਰਛੇ ਅੱਖਰਾਂ ਨੂੰ ਅਣਦੇਖਾ ਨਹੀਂ ਕੀਤਾ ਜਾਣਾ ਚਾਹੀਦਾ; "ਦਾ ਪ੍ਰਤੀਕ" ਸ਼ਬਦ ਅਨੁਵਾਦਕਾਂ ਵੱਲੋਂ ਜੋੜੇ ਗਏ ਹਨ। NIV 1984 ਨੇ ਇਸ ਨੂੰ "ਇਖ਼ਤਿਆਰ ਦੀ ਇੱਕ ਨਿਸ਼ਾਨੀ" ਲਿਖਿਆ ਹੈ। RSV ਨੇ ਯੂਨਾਨੀ ਮੂਲ ਪਾਠ ਦੇ ਇੱਕ ਘੱਟ ਤਸਦੀਕ ਹੋਏ ਸੰਸਕਰਨ ਨੂੰ ਲਿਆ ਹੈ: ". . . ਇਸਤਰੀ ਆਪਣੇ ਸਿਰ 'ਤੇ ਘੁੰਡ ਕੱਢੇ।"

ਇਸ ਆਇਤ ਨੂੰ ਸਮਝਣ ਦਾ ਇੱਕ ਤਰੀਕਾ ਇਹ ਹੈ ਕਿ ਪੜਦਾ ਉਸ "ਇਖ਼ਤਿਆਰ" ਦੀ ਨਿਸ਼ਾਨੀ ਹੈ ਜਿਸ ਦੇ ਅਧੀਨ ਇਸਤਰੀ ਹੈ, ਅਰਥਾਤ ਪੁਰਸ਼ ਦਾ "ਇਖ਼ਤਿਆਰ।" ਇਸ ਆਇਤ ਦੀ ਵਿਆਖਿਆ ਕਰਨ ਦਾ ਇੱਕ ਤਰੀਕਾ ਇਹ ਹੈ ਕਿ ਇਸਤਰੀ ਦੁਆਰਾ ਸਿਰ ਕੱਜਣਾ ਉਸ ਦੁਆਰਾ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਨ ਦੇ ਇਖ਼ਤਿਆਰ ਦੀ ਨਿਸ਼ਾਨੀ ਹੈ, ਅਰਥਾਤ ਉਸ ਦਾ ਆਪਣੇ ਉੱਤੇ ਇਖ਼ਤਿਆਰ। ਪੌਲੁਸ ਦੁਆਰਾ ਪੁਰਸ਼ ਦੀ ਸਿਰਜਣਾ ਕੀਤੇ ਜਾਣ ਦੀ ਪ੍ਰਾਥਮਿਕਤਾ ਦੀ ਦਲੀਲ (11:8, 9) ਅਤੇ ਅਗਲੀਆਂ ਆਇਤਾਂ (11:11, 12) ਵਿੱਚ ਕੀਤਾ ਗਿਆ "ਇਖ਼ਤਿਆਰ" ਦਾ ਜ਼ਿਕਰ ਪਿਛਲੀ ਵਿਆਖਿਆ ਦਾ ਸਮਰਥਨ ਕਰਦੇ ਹਨ।

ਇਸ ਆਇਤ ਨੂੰ ਇਸ ਤਰ੍ਹਾਂ ਪੜ੍ਹਨ, "ਇਸ ਕਰਕੇ ਇਸਤਰੀ ਨੂੰ ਚਾਹੀਦਾ ਹੈ ਜੋ . . . ਆਪਣੇ [ਆਪ ਦੇ] ਸਿਰ ਉੱਤੇ ਇਖ਼ਤਿਆਰ ਰੱਖੇ," ਦਾ ਅਰਥ ਇਹ ਹੋਵੇਗਾ ਕਿ ਸਿਰ ਕੱਜਣ ਦਾ ਪ੍ਰਤੀਕਾਤਮਕ ਅਰਥ ਉਸ ਨਾਲੋਂ ਬਿਲਕੁਲ ਵੱਖਰਾ ਹੈ ਜਿਸ ਬਾਰੇ ਹੁਣ ਤੱਕ ਗੱਲ ਹੁੰਦੀ

ਆਈ ਹੈ। ਪੜਦੇ ਨੂੰ ਪੁਰਸ਼ ਦੀ ਪ੍ਰਾਥਮਿਕਤਾ ਦੀ ਨਿਸ਼ਾਨੀ ਵਜੋਂ ਵੇਖਣ ਦੀ ਬਜਾਇ ਇਹ ਇਸਤਰੀ ਦੁਆਰਾ ਆਪਣੀ ਤਸਦੀਕ ਕਰਨ ਦੇ ਇਖ਼ਤਿਆਰ ਦੀ ਨਿਸ਼ਾਨੀ ਬਣ ਜਾਂਦਾ ਹੈ। ਸਪੱਸ਼ਟੀਕਰਨ ਤੋਂ ਬਿਨਾਂ ਅਰਥ ਵਿੱਚ ਐਨਾ ਵੱਡਾ ਬਦਲਾਉ ਆਉਣਾ ਸੰਭਵ ਨਹੀਂ ਹੈ।

11:10 ਵਿੱਚ ਪੌਲੁਸ ਦੁਆਰਾ "ਇਖ਼ਤਿਆਰ" ਸ਼ਬਦ ਦੀ ਵਰਤੋਂ ਅਪਰੰਪਰਾਗਤ ਹੈ। ਆਮ ਤੌਰ 'ਤੇ "ਇਖ਼ਤਿਆਰ" ਦੀ ਵਰਤੋਂ ਸਕਰਮਕ ਰੂਪ ਵਿੱਚ ਕੀਤੀ ਜਾਂਦੀ ਹੈ, ਜਿਸ ਵਿੱਚ ਕੁਝ ਕਰਨ ਦਾ ਹੱਕ ਸ਼ਾਮਿਲ ਹੁੰਦਾ ਹੈ। ਪਰ ਜੇਕਰ ਆਇਤ 10 ਅਤੇ ਉਸ ਤੋਂ ਪਹਿਲੀਆਂ ਦੋ ਆਇਤਾਂ ਜਾਂ ਬਾਅਦ ਵਾਲੀਆਂ ਦੋ ਆਇਤਾਂ ਵਿੱਚ ਕੋਈ ਆਪਸੀ ਸੰਬੰਧ ਹੈ ਤਾਂ ਫਿਰ ਇਹ ਸਮਝਣਾ ਔਖਾ ਹੈ ਕਿ ਇਸਤਰੀ ਦੇ ਆਪਣੇ ਆਪ ਦੇ ਸਿਰ ਉੱਤੇ "ਇਖ਼ਤਿਆਰ" ਉੱਤੇ ਪ੍ਰਸ਼ਨ ਕਿਵੇਂ ਉੱਠ ਸਕਦਾ ਹੈ। ਸ਼ਾਇਦ ਕੋਈ ਆਖੇ ਕਿ ਸਰਿਸ਼ਟੀ ਦਾ ਕ੍ਰਮ ਪੁਰਸ਼ ਦੀ ਪ੍ਰਾਥਮਿਕਤਾ ਨੂੰ ਤਾਂ ਦਰਸਾ ਸਕਦਾ ਹੈ ਪਰ ਉਸ ਦੇ "ਇਖ਼ਤਿਆਰ" ਨੂੰ ਨਹੀਂ; ਪਰ ਇੱਕ ਵਾਰ ਜਦ ਇਸ ਸ਼ਬਦ ਨੂੰ ਲਿਖ ਦਿੱਤਾ ਗਿਆ ਹੈ ਤਾਂ ਪਾਠਕ ਅਚਾਣਕ ਇਸ ਸਿੱਟੇ 'ਤੇ ਨਹੀਂ ਪੁੱਜ ਸਕਦਾ ਕਿ ਪੌਲੁਸ ਨੇ ਉਤਪਤ ਦਾ ਹਵਾਲਾ ਇਹ ਦਰਸਾਉਣ ਲਈ ਦਿੱਤਾ ਕਿ ਇਸਤਰੀ ਨੂੰ ਆਪਣੇ ਆਪ ਦੇ ਸਿਰ ਉੱਤੇ "ਇਖ਼ਤਿਆਰ" ਮਿਲਿਆ ਹੋਇਆ ਹੈ। ਅਜਿਹਾ ਸੰਦੇਹ ਕੀਤਾ ਜਾ ਸਕਦਾ ਹੈ ਕਿ ਆਧੁਨਿਕ ਸਮਾਜ ਵਿਚ ਪੁਰਸ਼ਾਂ ਅਤੇ ਇਸਤਰੀਆਂ ਵਿਚਲੀ ਸਮਾਨਤਾ ਬਾਰੇ ਜਾਰੀ ਸੰਵੇਦਨਸ਼ੀਲਤਾ ਹੀ ਅਜਿਹੀ ਵਿਆਖਿਆ ਪਿਛਲੀ ਤਾਕਤ ਹੈ ਅਤੇ ਉਹ ਅਰਥ ਨਹੀਂ ਹੈ ਜਿਸ ਨੂੰ ਪੌਲੁਸ ਅਤੇ ਉਸ ਦੇ ਪਾਠਕ ਸਮਝੇ ਹੋਣਗੇ।

ਕਿਉਂ ਜੋ ਇੱਥੇ ਸੰਦਰਭ ਅਕਰਮਕ ਭਾਵ ਦੀ ਮੰਗ ਕਰਦਾ ਹੈ, ਇਸ ਕਰਕੇ ਜ਼ਿਆਦਾਤਰ ਅਨੁਵਾਦਾਂ ਵਿੱਚ ਉਹ ਲਿਖਿਆ ਗਿਆ ਹੈ ਜੋ NASB ਨੇ ਲਿਖਿਆ ਹੈ: ". . . ਇਸਤਰੀ ਨੂੰ ਚਾਹੀਦਾ ਹੈ ਜੋ . . . ਆਪਣੇ ਸਿਰ ਉੱਤੇ ਇਖ਼ਤਿਆਰ ਦਾ ਪ੍ਰਤੀਕ ਰੱਖੇ।" ਇੱਥੇ ਪੌਲੁਸ ਦੀ ਚਿੰਤਾ ਇਹ ਨਹੀਂ ਹੈ ਕਿ ਪੁਰਸ਼ ਨੂੰ ਇਸਤਰੀ ਉੱਤੇ ਕੀ "ਇਖ਼ਤਿਆਰ" ਮਿਲਿਆ ਸੀ ਜਾਂ ਇਸ ਦੀ ਵਰਤੋਂ ਕਿਵੇਂ ਕੀਤੀ ਜਾਣੀ ਚਾਹੀਦੀ ਸੀ। ਉਹ ਇਹ ਨਹੀਂ ਆਖ ਰਿਹਾ ਸੀ ਕਿ ਪੁਰਸ਼ ਨੈਤਿਕ ਤੌਰ 'ਤੇ ਜਾਂ ਹੋਰ ਕਿਸੇ ਪੱਖੋਂ ਇਸਤਰੀਆਂ ਨਾਲੋਂ ਉੱਤਮ ਹਨ। ਪਾਠਕਾਂ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਪੌਲੁਸ ਉਨ੍ਹਾਂ ਇਸਤਰੀਆਂ ਬਾਰੇ ਗੱਲ ਕਰ ਰਿਹਾ ਸੀ ਜਿਨ੍ਹਾਂ ਨੂੰ ਪਵਿੱਤਰ ਆਤਮਾ ਦੀਆਂ ਰੱਬੀ ਦਾਤਾਂ ਮਿਲੀਆਂ ਸਨ। ਇਸ ਕਰਕੇ ਉਨ੍ਹਾਂ ਨੂੰ ਉਵੇਂ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਨਾ ਸੀ ਜਿਵੇਂ ਪਵਿੱਤਰ ਆਤਮਾ ਉਨ੍ਹਾਂ ਨੂੰ ਪ੍ਰੇਰਿਤ ਕਰਦਾ ਸੀ, ਪਰ ਫਿਰ ਵੀ ਉਨ੍ਹਾਂ ਨੂੰ ਆਪਣੇ ਸਿਰ ਕੱਜਣ ਦੀ ਲੋੜ ਸੀ ਤਾਂ ਜੋ ਉਹ ਪੁਰਸ਼ਾਂ ਅਤੇ ਇਸਤਰੀਆਂ ਵਿਚਕਾਰਲੀ ਸਮਾਜਕ ਭਿੰਨਤਾ ਦੀ ਮਾਨਤਾ ਨੂੰ ਦਰਸਾ ਸਕਣ।

ਜਦ ਪੌਲੁਸ ਨੇ **ਦੂਤਾਂ ਦੇ ਕਾਰਨ** ਲਿਖਿਆ ਤਾਂ ਉਹ ਪਰਮੇਸ਼ੁਰ ਦੇ ਉਨ੍ਹਾਂ ਸੰਦੇਸ਼ਵਾਹਕਾਂ ਜਾਂ ਨੁਮਾਇੰਦਿਆਂ ਦੀ ਗੱਲ ਕਰ ਰਿਹਾ ਸੀ ਜੋ ਕਲੀਸਿਆ ਦੀ ਅਰਾਧਨਾ ਦੀ ਜਾਂਚ ਕਰਨ ਲਈ ਆਉਂਦੇ ਹਨ। ਇਸ ਬਾਰੇ ਵਧੇਰੇ ਸਪੱਸ਼ਟ ਹੋਣਾ ਅਸੰਭਵ ਹੈ। ਜਦਕਿ ਪੌਲੁਸ ਨੇ ਬਾਰ-ਬਾਰ ਦੁਸ਼ਟ ਆਤਮਕ ਸ਼ਕਤੀਆਂ ਦਾ ਜ਼ਿਕਰ ਕੀਤਾ, ਤਾਂ ਉਸ ਨੇ ਉਨ੍ਹਾਂ ਨੂੰ "ਦੂਤ" ਨਹੀਂ ਆਖਿਆ। ਸਿਰਫ ਇੱਕ ਥਾਂ 'ਤੇ ਉਸ ਨੇ ਇੱਕ ਦੂਤ ਨੂੰ ਦੁਸ਼ਟ ਨੁਮਾਇੰਦਾ, "ਸ਼ਤਾਨ ਦਾ ਘੱਲਿਆ ਹੋਇਆ" (2 ਕੁਰਿੰਥੀਆਂ 12:7) ਆਖਿਆ, ਜਾਂ ਫਿਰ ਇੱਕ ਵਾਰੀ ਉਸ ਨੇ ਅਸਪੱਸ਼ਟ ਰੂਪ ਵਿੱਚ "ਦੂਤਾਂ ਦੀ ਪੂਜਾ" (ਕੁਲੁੱਸੀਆਂ 2:18) ਬਾਰੇ ਗੱਲ ਕੀਤੀ। ਜਦ ਤੱਕ ਕਿ ਸੰਦਰਭ ਹੋਰ ਕੋਈ ਮੰਗ ਨਹੀਂ ਕਰਦਾ ਤਦ ਤੱਕ ਪਾਠਕ ਨੂੰ ਇਹੋ ਸਮਝਣਾ ਚਾਹੀਦਾ ਹੈ ਕਿ ਇਹ "ਦੂਤ" ਪਰਮੇਸ਼ੁਰ ਦੇ ਕਿਰਪਾਲੂ ਨੁਮਾਇੰਦੇ ਹਨ (ਵੇਖੋ 1 ਕੁਰਿੰਥੀਆਂ 4:9; 6:3)।

**ਆਇਤ 11.** ਸ਼ਾਇਦ ਕੁਝ ਪੁਰਸ਼ ਸਰਿਸ਼ਟੀ ਵਿੱਚ ਪੁਰਸ਼ ਨੂੰ ਮਿਲੀ ਪ੍ਰਾਥਮਿਕਤਾ ਦੀ ਵਰਤੋਂ ਇਹ ਤਰਕ ਪੇਸ਼ ਕਰਨ ਲਈ ਕਰਨਾ ਚਾਹੁੰਦੇ ਸਨ ਕਿ ਪੁਰਸ਼ਾਂ ਨੂੰ ਇੱਕ ਅਜਿਹਾ ਆਤਮਕ ਦਰਜਾ ਮਿਲਿਆ ਹੋਇਆ ਹੈ ਜਿਹੜਾ ਇਸਤਰੀਆਂ ਕੋਲ ਨਹੀਂ ਹੈ। ਪੌਲੁਸ ਨੇ ਇਸ ਨੂੰ ਪੂਰੀ ਤਰ੍ਹਾਂ ਰੱਦ ਦਿੱਤਾ। ਪੁਰਸ਼ ਅਤੇ ਇਸਤਰੀਆਂ ਇੱਕ ਦੂਜੇ ਦੇ ਪੂਰਕ ਹਨ, ਰਲ-ਮਿਲ ਕੇ ਪ੍ਰਭੂ ਦੇ ਪਰਤਾਪ ਲਈ ਮਿਹਨਤ ਕਰ ਰਹੇ ਹਨ। ਪੌਲੁਸ ਨੇ ਆਖਿਆ ਕਿ **ਪ੍ਰਭੂ ਵਿੱਚ ਨਾ ਇਸਤਰੀ ਪੁਰਖ ਤੋਂ ਅੱਡ ਹੈ ਅਤੇ ਨਾ ਪੁਰਖ ਇਸਤਰੀ ਤੋਂ ਅੱਡ।** ਦੋਵੇਂ ਹੀ ਪਾਪ ਵਿੱਚ ਗੁਆਚੇ ਹੋਏ ਹਨ; ਦੋਵੇਂ ਹੀ ਪਰਮੇਸ਼ੁਰ ਦੀ ਕਿਰਪਾ ਦੁਆਰਾ ਬਚਾਏ ਗਏ ਹਨ। ਪੌਲੁਸ ਚਾਹੁੰਦਾ ਸੀ ਕਿ ਮਸੀਹੀ ਲੋਕ ਸਮਾਜਕ ਰੀਤਾਂ ਦਾ ਸਤਿਕਾਰ ਕਰਨ। ਉਸ ਨੇ ਪੁਰਸ਼ਾਂ ਦਾ ਇਹ ਪੱਖ ਨਹੀਂ ਲਿਆ ਕਿ ਕੋਈ ਪੁਰਸ਼ ਆਪਣੀ ਪਤਨੀ ਅਤੇ ਬੱਚਿਆਂ ਉੱਤੇ ਹੁਕਮ ਚਲਾਉਂਦਾ ਹੋਇਆ ਸ਼ਾਸਨ ਕਰ ਸਕਦਾ ਹੈ।

**ਆਇਤ 12.** ਆਦ ਵਿੱਚ **ਇਸਤਰੀ ਪੁਰਖ ਤੋਂ** ਸੀ; ਪਰ ਸੁਭਾਵਕ ਜਨਮ ਵਿੱਚ **ਪੁਰਖ** ਇਸ ਸੰਸਾਰ ਵਿੱਚ **ਇਸਤਰੀ ਦੇ ਰਾਹੀਂ** ਹੀ ਆਉਂਦਾ ਹੈ। ਕਿਸੇ ਵੀ ਲਿੰਗ ਨੂੰ ਦੂਜੇ ਨੂੰ ਨੀਵੀਂ ਦ੍ਰਿਸ਼ਟੀ ਨਾਲ ਵੇਖਣ ਦੀ ਲੋੜ ਨਹੀਂ ਹੈ। ਸਾਰੇ ਜਣੇ ਪਰਮੇਸ਼ੁਰ ਵਿੱਚ ਇੱਕ ਹਨ: "ਪੁਰਸ਼ ਅਤੇ ਇਸਤਰੀ ਦੀ ਇਸ ਆਪਸੀ ਨਿਰਭਰਤਾ ਦੇ ਨਤੀਜੇ ਨੂੰ 12:21 ਵਿਚਲੇ ਕਥਨ ਦੀ ਸਮਾਨਤਾ ਵਿੱਚ ਵੇਖਿਆ ਜਾ ਸਕਦਾ ਹੈ: 'ਅੱਖ ਹੱਥ ਨੂੰ ਨਹੀਂ ਆਖ ਸਕਦੀ ਭਈ ਮੈਨੂੰ ਤੇਰੀ ਕੋਈ ਲੋੜ ਨਹੀਂ।'"[15]

**ਆਇਤ 13.** ਪੌਲੁਸ ਨੇ ਉਨ੍ਹਾਂ ਸਮਾਜਕ ਰੀਤਾਂ ਦੀ ਦਲੀਲ ਦਿੱਤੀ ਜਿਨ੍ਹਾਂ ਨੂੰ ਕੁਰਿੰਥੁਸ ਦੇ ਮਸੀਹੀ ਆਪ ਜਾਣਦੇ ਸਨ (ਵੇਖੋ 10:15)। ਕੁਰਿੰਥੁਸ ਦੇ ਸਮਾਜ ਵਿੱਚ ਪ੍ਰਥਾ ਇਹ ਸੀ ਕਿ ਪ੍ਰਾਰਥਨਾ ਕਰਨ ਵੇਲੇ ਇਸਤਰੀਆਂ ਆਪਣਾ ਸਿਰ "ਅਣਕੱਜਾ" (ἀκατακάλυπτον, *ਅਕਾਟਾਕਾਲੁਪਟੋਨ*) ਨਹੀਂ ਰੱਖ ਸਕਦੀਆਂ ਸਨ। ਭਾਈਆਂ ਨੂੰ ਆਪ ਹੀ **ਨਿਆਉਂ** ਕਰਨਾ ਸੀ: ਇਸਤਰੀ ਦੁਆਰਾ ਆਪਣੇ ਸਿਰ ਨੂੰ ਕੱਜਣ ਦੀ ਲੋੜ ਸਪੱਸ਼ਟ ਸੀ।

ਇਹ ਸੁਝਾਉ ਦੇਣਾ ਕਿ ਪੌਲੁਸ ਦੇ ਮਨ ਵਿੱਚ ਇੱਕ ਅਜਿਹਾ ਇਕੱਠ ਸੀ ਜਿਸ ਵਿੱਚ ਪੁਰਸ਼ ਨਾ ਹੋਣ ਅਤੇ ਸਿਰਫ ਇਸਤਰੀਆਂ ਅਰਧਾਨਾ ਲਈ ਇਕੱਠੀਆਂ ਹੋਣ, ਅਸਲ ਵਿੱਚ ਪੌਲੁਸ ਦੁਆਰਾ ਇਸ ਵਿਸ਼ੇ ਨੂੰ ਸੰਬੋਧਿਤ ਕਰਨ ਦੇ ਉਦੇਸ਼ ਨੂੰ ਰੱਦ ਦਿੰਦਾ ਹੈ। ਅਜਿਹੀ ਜਨਤਕ ਅਰਾਧਨਾ ਸਭਾ ਵਿੱਚ, ਜਿੱਥੇ ਪੁਰਸ਼ ਅਤੇ ਇਸਤਰੀਆਂ ਇਕੱਠੀਆਂ ਹਨ, ਕੁਰਿੰਥੁਸ ਦੀ ਕਿਸੇ ਇਸਤਰੀ ਦੁਆਰਾ ਅਣਕੱਜੇ ਸਿਰ ਪ੍ਰਾਰਥਨਾ ਕਰਨ ਦਾ ਅਰਥ ਇਹ ਹੁੰਦਾ ਸੀ ਕਿ ਉਹ ਜਿਸ ਸਭਿਆਚਾਰ ਵਿੱਚ ਰਹਿੰਦੀ ਹੈ ਉਸ ਦੀਆਂ ਸਮਾਜਕ ਰਸਮਾਂ ਦਾ ਸਤਿਕਾਰ ਨਹੀਂ ਕਰਦੀ।

ਪੌਲੁਸ ਨੇ ਪੁੱਛਿਆ, **ਭਲਾ, ਇਹ ਫਬਦਾ ਹੈ ਜੋ ਇਸਤਰੀ ਨੰਗੇ ਸਿਰ ਪਰਮੇਸ਼ੁਰ ਦੇ ਅੱਗੇ ਪ੍ਰਾਰਥਨਾ ਕਰੇ?** ਸਿਰ ਕੱਜਣਾ ਫਬਦਾ ਸੀ। ਉਸ ਸਭਿਆਚਾਰ ਵਿੱਚ ਉਸ ਦਾ ਇਹ ਵਿਹਾਰ ਇਸ ਰਿਵਾਜ਼ ਦੇ ਨਾਲ ਢੁਕਵਾਂ ਬੈਠਦਾ ਸੀ ਕਿ ਜਨਤਕ ਸਭਾਵਾਂ ਵਿੱਚ ਜਿੱਥੇ ਪੁਰਸ਼ ਅਤੇ ਇਸਤਰੀਆਂ ਇਕੱਠੇ ਆਉਂਦੇ ਹਨ, ਉੱਥੇ ਉਹ ਇੱਕ ਦੂਜੇ ਵਿਚਕਾਰ ਕੁਝ ਫਾਸਲਾ ਰੱਖਣ। ਪੌਲੁਸ ਇਹ ਨਹੀਂ ਆਖ ਰਿਹਾ ਸੀ ਕਿ ਉਸ ਨੇ ਹੁਣ ਤੱਕ ਜੋ ਕੁਝ ਆਖਿਆ ਹੈ ਉਹ ਇਸਤਰੀਆਂ ਦੇ ਲਈ ਹੀ ਆਖਿਆ ਹੈ। ਉਸ ਨੇ ਪੁਰਸ਼ਾਂ ਦੁਆਰਾ ਸਿਰ ਕੱਜ ਕੇ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਨ ਦੀ ਅਜੋਗਤਾ ਬਾਰੇ ਵੀ ਗੱਲ ਕੀਤੀ ਸੀ।

**ਆਇਤਾਂ 14, 15.** ਇਹ ਕਿਵੇਂ ਹੁੰਦਾ ਹੈ ਕਿ **ਕੁਦਰਤ ਵੀ ਆਪ ਤੁਹਾਨੂੰ . . .**

**ਸਿਖਾਲਦੀ ਹੈ** ਭਈ ਪੁਰਸ਼ ਦੁਆਰਾ ਲੰਮੇ ਵਾਲ ਰੱਖਣਾ ਉਸ ਦੇ ਲਈ ਨਿਰਾਦਰ ਦੀ ਗੱਲ ਹੈ? ਸਪੱਸ਼ਟ ਤੌਰ 'ਤੇ ਪੁਰਸ਼ਾਂ ਦੇ ਵਾਲ ਵੀ ਓਨੇ ਲੰਮੇ ਹੋ ਸਕਦੇ ਹਨ ਜਿੰਨੇ ਇਸਤਰੀਆਂ ਦੇ। ਪੌਲੁਸ ਦਾ "ਕੁਦਰਤ" ਤੋਂ ਇੱਕ ਭਾਵ ਇਹ ਸੀ ਕਿ ਆਮ ਤੌਰ 'ਤੇ ਕਿਸੇ ਸਮਾਜ ਵਿੱਚ ਕਿੰਨਾ ਗੱਲਾਂ ਨੂੰ ਪਰਵਾਨਗੀ ਦਿੱਤੀ ਜਾਂਦੀ ਹੈ। ਉਸ ਦੇ ਅਨੁਸਾਰ ਜਿਹੜੀ ਗੱਲ ਜੋਗਤਾ ਦੇ ਖੇਤਰ ਵਿੱਚ ਆਉਂਦੀ ਹੈ ਉਹ ਕੁਦਰਤ ਦੀ ਸਿੱਖਿਆ ਹੈ (11:13); ਕੋਈ ਵੀ ਅਨੈਤਿਕ ਜਾਂ ਸਮਾਜਕ ਤੌਰ 'ਤੇ ਅਪਰਵਾਨ ਪ੍ਰਥਾ ਕੁਦਰਤ ਦੇ ਵਿਰੁੱਧ ਸੀ। ਕੁਝ ਥਾਂਵਾਂ 'ਤੇ ਤਾਂ ਜੋਗਤਾ ਨਾਲੋਂ ਕੁਝ ਵਧੇਰੇ ਮਹੱਤਵਪੂਰਣ ਸੀ। ਉਦਾਹਰਣ ਵਜੋਂ, ਰੋਮੀਆਂ 1:26 ਵਿੱਚ ਪੌਲੁਸ ਨੇ ਪਰਮੇਸ਼ੁਰ ਦੁਆਰਾ ਨਿਰਧਾਰਿਤ ਨੈਤਿਕਤਾ ਦਾ ਹਵਾਲਾ ਦਿੱਤਾ ਅਤੇ ਉਨ੍ਹਾਂ ਇਸਤਰੀਆਂ ਦੀ ਗੱਲ ਕੀਤੀ ਜਿਨ੍ਹਾਂ ਨੇ "ਆਪਣੇ ਸੁਭਾਵਕ ਕੰਮ ਨੂੰ ਉਹ ਦੇ ਨਾਲ ਵਟਾ ਦਿੱਤਾ ਜਿਹੜਾ ਸੁਭਾਉ ਦੇ ਵਿਰੁੱਧ ਹੈ।" "ਕੁਦਰਤ ਆਪ ਵੀ" ਨੈਤਿਕਤਾ ਦੀ ਸਿੱਖਿਅਕ ਹੈ ਅਤੇ ਪੌਲੁਸ ਨੇ ਵੀ ਲੰਮੇ ਸਮੇਂ ਤੋਂ ਚੱਲੀਆਂ ਆ ਰਹੀਆਂ ਸਮਾਜਕ ਰਸਮਾਂ ਦੇ ਸਮਰਥਨ ਲਈ ਕੁਦਰਤ ਦੀ ਦਲੀਲ ਦਿੱਤੀ। ਕੁਰਿੰਥੁਸ ਦੇ ਉਸ ਵੇਲੇ ਦੇ ਸਮਾਜ ਵਿੱਚ ਪੁਰਸ਼ਾਂ ਦੁਆਰਾ ਲੰਮੇ ਵਾਲ ਰੱਖਣਾ ਸ਼ਰਮਨਾਕ ਗੱਲ ਹੁੰਦੀ ਸੀ। ਜਿੱਥੇ ਤੱਕ ਕੁਰਿੰਥੁਸ ਦੇ ਲੋਕਾਂ ਦੀ ਗੱਲ ਸੀ, ਅਜਿਹੀ ਪ੍ਰਥਾ ਕੁਦਰਤ ਦੀ ਆਪਣੀ ਸਿੱਖਿਆ ਦੇ ਉਲਟ ਸੀ, ਕਿਉਂਕਿ ਇਹ ਉਨ੍ਹਾਂ ਦੇ ਆਪਣੇ ਤਜਰਬੇ ਦੇ ਉਲਟ ਸੀ। ਪੌਲੁਸ ਨੇ ਇਸੇ ਪ੍ਰਥਾ ਦਾ ਸਹਾਰਾ ਲੈ ਕੇ ਆਪਣੇ ਤਰਕ ਦਾ ਸਮਰਥਨ ਕੀਤਾ ਕਿ ਪੁਰਸ਼ ਲਈ ਆਪਣਾ ਸਿਰ ਕੱਜ ਕੇ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਨਾ ਅਜੋਗ ਸੀ। ਪੁਰਸ਼ਾਂ ਜਾਂ ਇਸਤਰੀਆਂ ਦੇ ਵਾਲਾਂ ਦੀ ਲੰਮਾਈ ਦਾ ਜ਼ਿਕਰ ਕਰਦਿਆਂ ਪੌਲੁਸ ਅਚਾਣਕ ਕਿਸੇ ਨਵੇਂ ਵਿਸ਼ੇ ਦਾ ਅਰੰਭ ਨਹੀਂ ਕਰ ਰਿਹਾ ਸੀ। ਸਗੋਂ ਉਸ ਦਾ ਮੰਨਣਾ ਇਹ ਸੀ ਕਿ ਕੁਦਰਤੀ ਤੌਰ 'ਤੇ ਪੁਰਸ਼ ਦੇ ਵਾਲ ਛੋਟੇ ਅਤੇ ਇਸਤਰੀ ਦੇ ਵਾਲ ਲੰਮੇ ਹੋਣੇ ਚਾਹੀਦੇ ਹਨ, ਅਤੇ ਇਸੇ ਦੀ ਵਰਤੋਂ ਕਰਕੇ ਉਸ ਨੇ ਇਸਤਰੀ ਦੁਆਰਾ ਸਿਰ ਕੱਜੇ ਜਾਣ ਜਾਂ ਪੜਦਾ ਕਰਨ ਦੀ ਜੋਗਤਾ ਬਾਰੇ ਗੱਲ ਕੀਤੀ।

ਇਸ ਤੱਥ ਦਾ ਇੱਕ ਇਤਹਾਸਕ ਪਿਛੋਕੜ ਹੈ ਕਿ ਪੁਰਸ਼ ਦੁਆਰਾ **ਲੰਮੇ ਵਾਲ** ਰੱਖਣਾ **ਉਹ ਦੇ ਲਈ ਨਿਰਾਦਰ ਹੈ।** ਸਪਾਰਟਨ ਜੋਧੇ ਆਪਣੇ ਲੰਮੇ ਵਾਲਾਂ ਲਈ ਜਾਣੇ ਜਾਂਦੇ ਸਨ; ਉਨ੍ਹਾਂ ਦੀ ਇਸ ਪ੍ਰਥਾ ਨੂੰ ਹੱਲਾਸ਼ੇਰੀ ਉਨ੍ਹਾਂ ਤੋਂ ਪੁਰਾਣੇ ਲੋਕਾਂ ਤੋਂ ਮਿਲੀ ਸੀ, ਕਿਉਂਕਿ ਇਹ ਆਮ ਪ੍ਰਥਾ ਦੇ ਉਲਟ ਸੀ।[16] ਆਮ ਤੌਰ 'ਤੇ ਯੂਨਾਨੀ ਅਤੇ ਰੋਮੀ ਪੁਰਸ਼ ਛੋਟੇ ਵਾਲ ਰੱਖਦੇ ਸਨ ਅਤੇ ਇਸਤਰੀਆਂ ਲੰਮੇ ਵਾਲ ਰੱਖਦੀਆਂ ਸਨ। ਪੌਲੁਸ ਨੇ ਇਸੇ ਪ੍ਰਥਾ ਦੀ ਵਰਤੋਂ ਪੁਰਸ਼ਾਂ ਅਤੇ ਇਸਤਰੀਆਂ ਦੁਆਰਾ ਜਨਤਕ ਤੌਰ 'ਤੇ ਪ੍ਰਾਰਥਨਾ ਕਰਦਿਆਂ ਸਿਰ ਕੱਜਣ ਬਾਰੇ ਆਪਣੀ ਇਸ ਸਿੱਖਿਆ ਦੇ ਸਮਰਥਨ ਲਈ ਕੀਤੀ। ਨਾਲ ਹੀ ਉਸ ਨੇ ਇਹ ਵੀ ਲਿਖਿਆ ਕਿ **ਵਾਲ ਉਸ ਨੂੰ ਪੜਦੇ ਦੇ ਥਾਂ ਦਿੱਤੇ ਹੋਏ ਹਨ** (11:15)। ਪੌਲੁਸ ਇਹ ਤਰਕ ਨਹੀਂ ਦੇ ਰਿਹਾ ਸੀ ਕਿ ਪੁਰਸ਼ਾਂ ਅਤੇ ਇਸਤਰੀਆਂ ਦੀ ਸਰੀਰਕ ਬਣਤਰ ਦੇ ਕਾਰਨ ਉਨ੍ਹਾਂ ਨੂੰ ਵਾਲ ਲੰਮੇ ਜਾਂ ਛੋਟੇ ਰੱਖਣੇ ਚਾਹੀਦੇ ਹਨ।

**ਆਇਤ 16.** ਪੌਲੁਸ ਨੇ ਜਨਤਕ ਅਰਾਧਨਾ ਸਭਾ ਵਿੱਚ ਸਿਰ ਕੱਜਣ ਅਤੇ ਉਸ ਦੇ ਅਰਥ ਬਾਰੇ ਆਪਣੀ ਚਰਚਾ ਨੂੰ ਕੁਰਿੰਥੀਆਂ ਦੀ ਵਡਿਆਈ ਕਰਦਿਆਂ ਅਰੰਭ ਕੀਤਾ ਸੀ (11:2)। ਅਜਿਹਾ ਜਾਪਦਾ ਹੈ ਕਿ ਪੌਲੁਸ ਨੇ ਕਲੀਸਿਆ ਨੂੰ ਜੋ ਸਿਖਾਇਆ ਸੀ ਉਹ ਉਸ ਦੀ ਪਾਲਣਾ ਕਰਦੇ ਆ ਰਹੇ ਸਨ। ਸ਼ਾਇਦ ਪ੍ਰਸ਼ਨ ਇਸ ਕਰਕੇ ਉੱਠੇ ਹੋਣਗੇ ਕਿਉਂਕਿ ਪੁਰਸ਼ਾਂ ਨੂੰ ਅਣਕੱਜੇ ਸਿਰ ਪ੍ਰਾਰਥਨਾ ਕਰਦਿਆਂ ਬੜਾ ਅਜੀਬ ਮਹਿਸੂਸ ਹੋ ਰਿਹਾ ਹੋਵੇਗਾ। ਆਪਣੇ

ਮੂਰਤੀ ਪੂਜਕ ਪਿਛੋਕੜ ਵਿੱਚ ਆਪਣੇ ਰੋਮੀ ਦੇਵਤਿਆਂ ਨੂੰ ਮੱਥਾ ਟੇਕਣ ਵੇਲੇ ਉਹ ਆਪਣੇ ਸਿਰ ਕੱਜਦੇ ਹੁੰਦੇ ਸਨ। ਸ਼ਾਇਦ ਇਸਤਰੀਆਂ ਨੇ ਸੋਚ ਲਿਆ ਹੋਵੇਗਾ ਕਿ ਜੇਕਰ ਅਰਾਧਨਾ ਵਿੱਚ ਪੁਰਸ਼ਾਂ ਨੂੰ ਸਿਰ ਕੱਜਣ ਦੀ ਲੋੜ ਨਹੀਂ ਹੈ ਤਾਂ ਉਨ੍ਹਾਂ ਨੂੰ ਵੀ ਅਰਾਧਨਾ ਵਿੱਚ ਸਿਰ ਕੱਜਣ ਦੀ ਲੋੜ ਨਹੀਂ ਹੈ। ਪੌਲੁਸ ਦਿਆਂ ਸ਼ਬਦਾਂ ਨੇ ਕਲੀਸਿਆ ਦੀ ਪ੍ਰਥਾ ਦੀ ਸ਼ਲਾਘਾ ਕੀਤੀ ਅਤੇ ਉਤਸ਼ਾਹ ਦਿੱਤਾ ਕਿ ਜੋ ਉਹ ਕਰਦੇ ਆ ਰਹੇ ਸਨ ਉਸ ਨੂੰ ਕਰਨਾ ਜਾਰੀ ਰੱਖਣ।

ਪੌਲੁਸ ਨੇ ਇੱਕ ਹੋਰ ਟਿੱਪਣੀ ਸ਼ਾਮਿਲ ਕੀਤੀ। ਕੁਰਿੰਥੁਸ ਦੀ ਕਲੀਸਿਆ ਵਿੱਚ ਸ਼ਾਂਤੀ ਬੜੇ ਹੀ ਨਾਜ਼ੁਕ ਹਾਲਾਤ ਵਿੱਚ ਸੀ। ਉਸ ਨੇ ਭਾਈਆਂ ਨੂੰ ਆਖਿਆ ਕਿ ਜਿਹੜਾ ਵਿਅਕਤੀ ਅਰਾਧਨਾ ਵਿੱਚ ਪੁਰਸ਼ ਅਤੇ ਇਸਤਰੀਆਂ ਦੀ ਭੂਮਿਕਾ ਵਿਚਲੀ ਭਿੰਨਤਾ ਨੂੰ ਅਣਦੇਖਾ ਕਰਦਾ ਹੈ ਉਹ ਰਸੂਲਾਂ ਦਾ ਅਤੇ ਹਰ ਥਾਂ ’ਤੇ ਪਰਮੇਸ਼ੁਰ ਦੀ ਕਲੀਸਿਆ ਦਾ ਵਿਰੋਧ ਕਰਦਾ ਹੈ। ਮਸੀਹੀ ਲੋਕਾਂ ਨੂੰ ਅਤੇ ਕਲੀਸਿਆਵਾਂ ਨੂੰ ਇਤਹਾਸ ਅਤੇ ਆਪਣੇ ਚੁਫੇਰੇ ਦੇ ਵੱਡੇ ਸਮਾਜ ਦੇ ਸਥਿਰ ਪ੍ਰਭਾਵ ਦੀ ਲੋੜ ਸੀ। ਕਿਸੇ ਵੀ ਮੰਡਲੀ ਵਿੱਚ ਕਿਸੇ **ਝਾਗੜੂ** (φιλόνεικος, *ਫਿਲੋਨੇਇਕੋਸ*) ਦੀ ਮੌਜੂਦਗੀ ਦੇ ਨਤੀਜੇ ਭਿਆਣਕ ਹੋ ਸਕਦੇ ਸਨ। ਇਸ ਕਰਕੇ 11:16 ਵਿੱਚ ਪੌਲੁਸ ਨੇ ਕੁਰਿੰਥੀਆਂ ਨੂੰ ਚੇਤੇ ਕਰਾਇਆ ਕਿ ਉਸ ਨੇ ਸਿਰ ਕੱਜਣ ਬਾਰੇ ਜੋ ਕੁਝ ਆਖਿਆ ਸੀ ਉਹ ਹਰ ਥਾਂ ’ਤੇ ਮੌਜੂਦ **ਪਰਮੇਸ਼ੁਰ ਦੀਆਂ ਕਲੀਸਿਯਾਂ** ਦੀ ਪ੍ਰਥਾ ਦਾ ਪ੍ਰਤਿਬਿੰਬ ਸੀ। ਕੁਰਿੰਥੁਸ ਦਾ ਜਾਂ ਹੋਰ ਕਿਸੇ ਵੀ ਥਾਂ ਦਾ ਕੋਈ ਵੀ ਵਿਅਕਤੀ ਪਰਮੇਸ਼ੁਰ ਵੱਲੋਂ ਠਹਿਰਾਈ ਗਈ ਇਸ ਮਿਸਾਲ ਦੇ ਵਿਰੁੱਧ ਖੜ੍ਹਾ ਨਹੀਂ ਹੋ ਸਕਦਾ ਸੀ (ਵੇਖੋ 7:17)।

ਕੁਰਿੰਥੁਸ ਵਿੱਚ ਸਮਾਜਕ ਰਸਮਾਂ ਦੁਆਰਾ ਨਿਰਧਾਰਿਤ ਸਿਰ ਕੱਜਣਾ ਮਸੀਹੀ ਮੰਡਲੀ ਵਿੱਚ ਪੁਰਸ਼ਾਂ ਅਤੇ ਇਸਤਰੀਆਂ ਵਿਚਕਾਰਲੇ ਸੰਬੰਧ ਨੂੰ ਦਰਸਾਉਂਦਾ ਸੀ। ਪਰ ਕਲੀਸਿਆ ਵਿੱਚ ਅਸਮਾਨਤਾ ਦੇ ਹੋਰ ਵੀ ਮਸਲੇ ਪਰਗਟ ਸਨ। ਕੁਝ ਲੋਕ ਹੋਰਨਾਂ ਨਾਲੋਂ ਵਧੇਰੇ ਧਨਵਾਨ ਸਨ; ਕੁਝ ਯਹੂਦੀ ਸਨ ਜਦਕਿ ਬਾਕੀ ਦੇ ਲੋਕ ਯੂਨਾਨੀ ਜਾਂ ਰੋਮੀ ਸਨ। ਉੱਚੇ ਰੁਤਬੇ ਦੇ ਕੁਝ ਲੋਕ ਆਪਣੇ ਸਭਿਆਚਾਰ ਵਿੱਚ ਮੌਜੂਦ ਆਪਣੇ ਸਮਾਜਕ ਰੁਤਬੇ ਨੂੰ ਮਸੀਹੀ ਮੰਡਲੀ ਵਿੱਚ ਵੀ ਲਿਆਉਣਾ ਚਾਹੁੰਦੇ ਸਨ।

ਜਦ ਕਲੀਸਿਆ ਪ੍ਰੇਮ ਭੋਜਨਾਂ ਲਈ ਇਕੱਠੀ ਹੁੰਦੀ ਸੀ ਤਾਂ ਰੁਤਬੇ ਵਿਚਲੀ ਅਸਮਾਨਤਾ ਪਰਗਟ ਹੋ ਜਾਂਦੀ ਸੀ। ਮਸੀਹ ਵਿੱਚ, ਧਨਵਾਨਾਂ ਅਤੇ ਗਰੀਬਾਂ ਵਿਚਕਾਰ, ਗੁਲਾਮਾਂ ਅਤੇ ਅਜ਼ਾਦ ਲੋਕਾਂ ਵਿਚਕਾਰ, ਜਾਂ ਯਹੂਦੀ ਅਤੇ ਗੈਰਯਹੂਦੀ (“ਯੂਨਾਨੀ”; ਗਲਾਤੀਆਂ 3:28) ਵਿਚਕਾਰ ਕੋਈ ਭੇਦਭਾਵ ਨਹੀਂ ਹੋਣਾ ਚਾਹੀਦਾ। ਪ੍ਰੇਮ ਭੋਜਨਾਂ ਦਾ ਉਦੇਸ਼ ਇਹ ਸੀ ਕਿ ਸਮਾਜ ਦੇ ਹੋਰਨਾਂ ਵਰਗਾਂ ਬਾਰੇ ਸੰਵੇਦਨਸ਼ੀਲਤਾ ਅਤੇ ਮਸੀਹ ਵਿੱਚ ਏਕਤਾ ਨੂੰ ਵਧਾਇਆ ਜਾਵੇ, ਪਰ ਉੱਚੇ ਰੁਤਬੇ ਦੇ ਲੋਕ ਨੀਵੇਂ ਦਰਜੇ ਦੇ ਲੋਕਾਂ ਨਾਲ ਸੰਗਤੀ ਕਰਨ ਤੋਂ ਝਿਜਕਦੇ ਸਨ। ਉਨ੍ਹਾਂ ਦੇ ਭੋਜਨ ਬੜੇ ਠਾਠ-ਬਾਠ ਵਾਲੇ ਹੋਇਆ ਕਰਦੇ ਸਨ ਜਿਨ੍ਹਾਂ ਵਿੱਚ ਗਰੀਬਾਂ ਨੂੰ ਸ਼ਾਮਿਲ ਹੋਣਾ ਬੜਾ ਅਜੀਬ ਲੱਗਦਾ ਸੀ। ਪੌਲੁਸ ਇਸ ਸਮੱਸਿਆ ਦਾ ਸਮਾਧਾਨ ਕਰਨਾ ਚਾਹੁੰਦਾ ਸੀ। ਗਾਰਲੈਂਡ ਨੇ ਟਿੱਪਣੀ ਕੀਤੀ,

> ਕੁਰਿੰਥੁਸ ਦੀ ਕਲੀਸਿਆ ਦੀਆਂ ਸਮੱਸਿਆਵਾਂ ਵਿੱਚੋਂ ਇੱਕ ਇਹ ਹੈ ਕਿ ਇਸ ਵਿੱਚ ਰੋਮੀ ਸਭਿਆਚਾਰ ਭਰਿਆ ਪਿਆ ਹੈ ਜਿਸ ਦਾ ਸਲੀਬ ਦੀ ਬੁੱਧੀ ਦੇ ਨਾਲ ਬਾਰ-ਬਾਰ ਟਾਕਰਾ ਹੁੰਦਾ ਰਹਿੰਦਾ ਹੈ। . . . ਪੌਲੁਸ ਦਾ ਉਦੇਸ਼ ਇੱਕੋ ਸੀ: ਕੁਰਿੰਥੀਆਂ ਦੇ ਭੋਜਨ ਨੂੰ ਗ੍ਰੀਕੋ-ਰੋਮੀ ਰਸਮਾਂ ਦੀ ਜ਼ਹਿਰਲੀ ਭੂਮੀ ਵਿੱਚੋਂ ਪੁੱਟ ਸੁੱਟੇ ਅਤੇ ਦੂਜਿਆਂ ਦੇ ਲਈ ਮਸੀਹ ਦੇ ਪ੍ਰੇਮ ਭਰੇ

ਬਲੀਦਾਨ ਦੀ ਪੋਸ਼ਕ ਭੂਮੀ ਵਿੱਚ ਸਥਾਪਤ ਕਰੇ।[17]

ਜਿਹੜਾ ਸਮਾਂ ਕਲੀਸਿਆ ਦੀ ਏਕਤਾ ਲਈ ਹੋਣਾ ਚਾਹੀਦਾ ਸੀ ਉਹ ਵੰਡ ਅਤੇ ਝਗੜੇ ਦਾ ਸਰੋਤ ਬਣ ਗਿਆ ਸੀ। ਇਸੇ ਕਰਕੇ ਪੌਲੁਸ ਕੋਲ ਉਨ੍ਹਾਂ ਦੀ ਵਡਿਆਈ ਕਰਨ ਲਈ ਸ਼ਬਦ ਮੁੱਕ ਗਏ ਸਨ।

## ਕੁਪੰਥਾਂ ਦੀ ਲੱਜਿਆ (11:17-22)

**[17]ਪਰੰਤੂ ਮੈਂ ਜੋ ਇਹ ਆਗਿਆ ਤੁਹਾਨੂੰ ਦਿੰਦਾ ਹਾਂ ਮੈਂ ਤੁਹਾਡੀ ਵਡਿਆਈ ਨਹੀਂ ਕਰਦਾ ਜੋ ਤੁਹਾਡੇ ਇਕੱਠੇ ਹੋਣ ਤੋਂ ਭਲਿਆਈ ਨਹੀਂ ਸਗੋਂ ਬੁਰਿਆਈ ਹੁੰਦੀ ਹੈ। [18]ਇਸ ਲਈ ਜੋ ਪਹਿਲਾਂ ਤਾਂ ਮੈਂ ਇਹ ਸੁਣਦਾ ਹਾਂ ਭਈ ਜਿਸ ਵੇਲੇ ਤੁਸੀਂ ਕਲੀਸਿਯਾ ਵਿੱਚ ਇਕੱਠੇ ਹੁੰਦੇ ਹੋ ਤਾਂ ਤੁਹਾਡੇ ਵਿੱਚ ਫੋਟਕ ਪੈਂਦੇ ਹਨ ਅਤੇ ਮੈਂ ਉਸ ਨੂੰ ਥੋੜਾ ਬਹੁਤ ਸੱਚ ਮੰਨਦਾ ਹਾਂ। [19]ਕਿਉਂ ਜੋ ਅਵੱਸ਼ ਹੈ ਜੋ ਤੁਹਾਡੇ ਵਿੱਚ ਕੁਪੰਥ ਭੀ ਹੋਣ ਤਾਂ ਕਿ ਜਿਹੜੇ ਪਰਵਾਨ ਹਨ ਓਹ ਤੁਹਾਡੇ ਵਿੱਚ ਉਜਾਗਰ ਹੋ ਜਾਣ। [20]ਸੋ ਜਿਸ ਵੇਲੇ ਤੁਸੀਂ ਇੱਕ ਥਾਂ ਇਕੱਠੇ ਹੁੰਦੇ ਹੋ ਤਾਂ ਇਹ ਅਸ਼ਾਇ ਰੱਬਾਨੀ ਖਾਣ ਲਈ ਨਹੀਂ ਹੋ ਸੱਕਦਾ। [21]ਕਿਉਂ ਜੋ ਖਾਣ ਵੇਲੇ ਹਰੇਕ ਪਹਿਲਾਂ ਆਪੋ ਆਪਣਾ ਭੋਜਨ ਖਾ ਲੈਂਦਾ ਹੈ ਅਰ ਕੋਈ ਭੁੱਖਾ ਰਹਿੰਦਾ ਅਤੇ ਕੋਈ ਮਤਵਾਲਾ ਹੁੰਦਾ ਹੈ! [22]ਭਲਾ, ਖਾਣ ਪੀਣ ਲਈ ਤੁਹਾਡੇ ਆਪਣੇ ਘਰ ਨਹੀਂ ਹਨ? ਅਥਵਾ ਤੁਸੀਂ ਪਰਮੇਸ਼ੁਰ ਦੀ ਕਲੀਸਿਯਾ ਨੂੰ ਤੁੱਛ ਸਮਝਦੇ ਅਤੇ ਜਿਨ੍ਹਾਂ ਦੇ ਕੋਲ ਨਹੀਂ ਹਨ ਓਹਨਾਂ ਨੂੰ ਲੱਜਿਆਵਾਨ ਕਰਦੇ ਹੋ? ਮੈਂ ਤੁਹਾਨੂੰ ਕੀ ਆਖਾਂ? ਭਲਾ, ਇਸ ਵਿੱਚ ਤੁਹਾਡੀ ਵਡਿਆਈ ਕਰਾਂ? ਮੈਂ ਤੁਹਾਡੀ ਵਡਿਆਈ ਨਹੀਂ ਕਰਦਾ ਹਾਂ।**

**ਆਇਤ 17.** ਇਸ ਆਇਤ ਦੇ ਸੰਦਰਭ ਵਿੱਚ ਸੰਯੋਜਕ **ਪਰੰਤੂ** (δέ, *ਡੇ*) ਦਾ ਕੰਮ ਵਿਰੋਧਸੂਚਕ ਹੈ, ਜੋ ਤੁਲਨਾ ਜਾਂ ਵਿਰੋਧ ਨੂੰ ਦਰਸਾਉਂਦਾ ਹੈ। ਸ਼ਾਇਦ ਇੱਥੇ ਪਾਠਕ ਨੇ ਕਿਸੇ ਤਕੜੇ ਸ਼ਬਦ ਦੀ ਉਮੀਦ ਕੀਤੀ ਹੋਵੇਗੀ ਕਿਉਂਕਿ ਪੌਲੁਸ ਸਿਰ ਕੱਜਣ ਦੇ ਵਿਸ਼ੇ ਨੂੰ ਛੱਡ ਚੁੱਕਾ ਹੈ। ਸਿਰ ਕੱਜਣਾ ਅਤੇ ਭੋਜਨ ਖਾਣਾ ਆਪਸ ਵਿੱਚ ਇਸ ਕਰਕੇ ਸੰਬੰਧਤ ਸਨ ਕਿਉਂਕਿ ਇਹ ਦੋਵੇਂ ਕੰਮ ਹੀ ਉਸ ਵੇਲੇ ਕੀਤੇ ਜਾਂਦੇ ਸਨ ਜਦ ਕਲੀਸਿਆ ਇਕੱਠੀ ਹੁੰਦੀ ਸੀ ("ਜਿਸ ਵੇਲੇ ਤੁਸੀਂ . . . ਇਕੱਠੇ ਹੁੰਦੇ ਹੋ [συνέρχεσθε, *ਸੁਨੇਰਖ਼ੇਸਥੇ*]")। ਫਿਰ ਉਸ ਨੇ ਆਖਿਆ ਕਿ ਉਹ ਉਨ੍ਹਾਂ ਦੀ ਵਡਿਆਈ ਨਹੀਂ ਕਰਦਾ ਕਿਉਂਕਿ, ਜਦ ਕਲੀਸਿਆ ਇਕੱਠੀ ਹੁੰਦੀ ਸੀ (συνέρχεσθε, *ਸੁਨੇਰਖ਼ੇਸਥੇ*, **ਇਕੱਠੇ ਹੋਣ**), ਤਾਂ ਉਸ ਵੇਲੇ **ਭਲਿਆਈ ਨਹੀਂ ਸਗੋਂ ਬੁਰਿਆਈ ਹੁੰਦੀ** ਸੀ। ਪੌਲੁਸ ਦੇ ਪੱਤਰਾਂ ਵਿੱਚ ਇਸ ਤਰ੍ਹਾਂ ਦੀ ਕਿਰਿਆ ਦੀ ਵਰਤੋਂ ਸਿਰਫ 1 ਕੁਰਿੰਥੀਆਂ ਵਿੱਚ ਹੀ ਹੋਈ ਹੈ: ਚਾਰ ਵਾਰੀ ਕਲੀਸਿਆ ਦੇ ਸਧਾਰਨ ਭੋਜਨ ਦੇ ਸੰਬੰਧ ਵਿੱਚ ਚਰਚਾ ਕਰਦਿਆਂ (11:17, 20, 33, 34) ਅਤੇ ਦੋ ਵਾਰੀ ਉਸ ਵੇਲੇ ਜਦ ਉਸ ਨੇ ਭਾਈਆਂ ਨੂੰ ਪਰਾਈ ਭਾਖਿਆ ਦੀ ਵਰਤੋਂ ਅਤੇ ਦੁਰਵਰਤੋਂ ਬਾਰੇ ਸਿੱਖਿਆ ਦਿੱਤੀ (14:23, 26)। ਇਸ ਤੋਂ ਇਲਾਵਾ ਪੌਲੁਸ ਨੇ ਇੱਕ ਹੋਰ ਉਪਵਾਕ ἐν ἐκκλησίᾳ (*ਏਨੱ ਐਕਲੇਸਿਆ*, ਸ਼ਾਬਦਿਕ, "ਕਲੀਸਿਆ ਵਿੱਚ") ਦੀ ਵਰਤੋਂ 1 ਕੁਰਿੰਥੀਆਂ ਵਿੱਚ (11:18; 14:19, 28, 35) ਅਨੋਖੇ ਤੌਰ 'ਤੇ ਕੀਤੀ ਹੈ, ਜਿੱਥੇ ਇਸ ਦਾ ਭਾਵ "ਮੰਡਲੀ ਵਿੱਚ" ਹੈ। ਨਵੇਂ ਨੇਮ ਵਿੱਚ ਹੋਰ ਵੀ ਹਵਾਲੇ ਹਨ ਜਿਹੜੇ ਮੰਡਲੀਆਂ ਦੇ ਇਕੱਠੇ ਹੋਣ ਦੇ ਸੁਝਾਉ ਜਾਂ

ਹਵਾਲੇ ਦਿੰਦੇ ਹਨ (ਜਿਵੇਂ ਕਿ ਰਸੂਲਾਂ ਦੇ ਕਰਤੱਬ 20:7), ਪਰ ਨਵਾਂ ਨੇਮ ਬਹੁਤ ਜ਼ਿਆਦਾ ਵਿਸਥਾਰ ਨਾਲ ਇਹ ਨਹੀਂ ਦੱਸਦਾ ਕਿ ਜਦ ਕਲੀਸਿਆਵਾਂ ਇਕੱਠੀਆਂ ਹੁੰਦੀਆਂ ਸਨ ਤਾਂ ਉਹ ਕੀ ਕਰਦੇ ਸਨ।

ਪੌਲੁਸ ਨੇ ਮੂਰਤੀਆਂ ਨੂੰ ਭੇਟਾਂ ਕੀਤੇ ਮਾਸ ਬਾਰੇ ਚਰਚਾ ਕਰਦਿਆਂ ਪ੍ਰਭੂ ਭੋਜ ਬਾਰੇ ਗੱਲ ਕੀਤੀ ਸੀ (10:16-22)। ਇੱਥੇ ਉਹ ਇਸ ਵਿਸ਼ੇ ਨੂੰ ਦੁਬਾਰਾ ਅਰੰਭ ਕਰਦਾ ਹੈ, ਜੋ ਪ੍ਰੇਮ ਭੋਜਨਾਂ ਦੇ ਸੰਦਰਭ ਵਿੱਚ ਹੈ। ਦੋਵਾਂ ਥਾਂਵਾਂ ’ਤੇ ਮੁੱਖ ਵਿਸ਼ਾ ਪ੍ਰਭੂ ਭੋਜ ਨਹੀਂ ਹੈ। ਅਧਿਆਇ 10 ਵਿੱਚ ਪੌਲੁਸ ਨੇ ਪ੍ਰਭੂ ਭੋਜ ਦਾ ਹਵਾਲਾ ਉਸ ਵੇਲੇ ਦਿੱਤਾ ਸੀ ਜਦ ਉਸ ਨੇ ਕਿਸੇ ਮੂਰਤੀ ਦੇ ਮੇਜ਼ ’ਤੇ ਬੈਠ ਕੇ ਮੂਰਤੀ ਨੂੰ ਭੇਟਾਂ ਕੀਤਾ ਹੋਇਆ ਭੋਜਨ ਖਾਣ ਬਾਰੇ ਚਿਤਾਉਣੀ ਦਿੱਤੀ ਸੀ। ਅਧਿਆਇ 11 ਵਿੱਚ ਉਸ ਨੇ ਰੋਟੀ ਅਤੇ ਪਿਆਲੇ ਵਿੱਚ ਪ੍ਰਤੀਕਾਤਮਕ ਤੌਰ ’ਤੇ ਪਰਗਟ ਮਸੀਹ ਦੇ ਨਿਰਸੁਆਰਥ ਭਾਵ ਦੀ ਤੁਲਨਾ ਪਾਠਕਾਂ ਦੇ ਪ੍ਰੇਮ ਭੋਜਨਾਂ ਵਿੱਚ ਦਰਸਾਏ ਜਾਣ ਵਾਲੇ ਸੁਆਰਥ ਦੇ ਨਾਲ ਕੀਤੀ ਹੈ।

ਰਸੂਲ ਪੌਲੁਸ ਵੱਲੋਂ ਪ੍ਰਭੂ ਦੁਆਰਾ ਸਥਾਪਿਤ ਪ੍ਰਭੂ ਭੋਜ ਦੀ ਰਸਮ ਦਾ ਦੁਬਾਰਾ ਵੇਰਵਾ ਦਿੱਤਾ ਜਾਣਾ ਉਸ ਦੇ ਇਸ ਤਰਕ ਦਾ ਹਿੱਸਾ ਸੀ ਕਿ ਕੁਰਿੰਥੁਸ ਵਿੱਚ ਖਾਧਾ ਜਾਣ ਵਾਲਾ ਪ੍ਰੇਮ ਭੋਜਨ ਏਕਤਾ ਲਿਆਉਣ ਦੀ ਬਜਾਇ ਵੰਡ ਦਾ ਵਸੀਲਾ ਬਣ ਰਿਹਾ ਹੈ।

**ਆਇਤਾਂ 18, 19. ਇਕੱਠੇ ਹੁੰਦੇ** ਦੀ ਕਿਰਿਆ ਨੂੰ ਦੁਹਰਾਉਂਦਿਆਂ ਪੌਲੁਸ ਨੇ ਪਹਿਲਾਂ ਨਾਲੋਂ ਵਧੇਰੇ ਸਪੱਸ਼ਟ ਤੌਰ ’ਤੇ ਆਖਿਆ ਕਿ ਉਹ ਹਫਤੇ ਦੇ ਪਹਿਲੇ ਦਿਨ (ਵੇਖੋ ਰਸੂਲਾਂ ਦੇ ਕਰਤੱਬ 20:7; 1 ਕੁਰਿੰਥੀਆਂ 16:2) ਮਸੀਹੀਆਂ ਦੇ **ਕਲੀਸਿਯਾ ਵਿੱਚ** (*ਏੱਨ ਐਕਲੇਸਿਆ*) ਇਕੱਠੇ ਹੋਣ ਬਾਰੇ ਗੱਲ ਕਰ ਰਿਹਾ ਸੀ। ਇਹ ਉਹ ਦਿਨ ਸੀ ਜਿਸ ਦਿਨ ਚੇਲਿਆਂ ਨੇ ਪ੍ਰਭੂ ਦੀ ਕਬਰ ਨੂੰ ਖਾਲੀ ਪਾਇਆ ਸੀ (ਮੱਤੀ 28:1; ਮਰਕੁਸ 16:2; ਲੂਕਾ 24:1; ਯੂਹੰਨਾ 20:1)।

ਨਵੇਂ ਨੇਮ ਵਿੱਚ ਵੱਖ-ਵੱਖ ਥਾਂਵਾਂ ’ਤੇ ਇਸਤੇਮਾਲ ਹੋਏ “ਪ੍ਰਭੂ ਦਾ ਦਿਨ” (2 ਥੱਸਲੁਨੀਕੀਆਂ 2:2; 2 ਪਤਰਸ 3:10; ਵੇਖੋ 1 ਕੁਰਿੰਥੀਆਂ 1:8) ਅਤੇ “ਪ੍ਰਭੂ ਦਾ ਦਿਨ” (ਪਰਕਾਸ਼ 1:10) ਵਿੱਚ ਫਰਕ ਹੈ। ਇਨ੍ਹਾਂ ਦੇ ਯੂਨਾਨੀ ਸ਼ਬਦ ਹੀ ਵੱਖਰੇ ਹਨ। ਪਹਿਲਾ “ਪ੍ਰਭੂ ਦਾ ਦਿਨ” (ἡ ἡμέρα τοῦ κυρίου, *ਹੇ ਹੇਮੇਰਾ ਕੁਰਿਓ*) ਪੁਰਾਣੇ ਨੇਮ ਦੇ ਨਬੀਆਂ ਵੱਲੋਂ ਇਸਤੇਮਾਲ ਕੀਤੇ ਗਏ ਸ਼ਬਦ ਸਨ। ਇਹ ਇਸ ਯੁੱਗ ਦੇ ਅੰਤ ਦਾ ਹਵਾਲਾ ਹੈ, ਉਸ ਦਿਨ ਦਾ ਜਿਸ ਦਿਨ ਪ੍ਰਭੂ ਨਿਆਉਂ ਕਰਨ ਲਈ ਦੂਜੀ ਵਾਰ ਪਰਗਟ ਹੋਵੇਗਾ (ਵੇਖੋ ਇਬਰਾਨੀਆਂ 9:28; 2 ਕੁਰਿੰਥੀਆਂ 5:10)। ਦੂਜੇ ਪਾਸੇ, ਦੂਜਾ “ਪ੍ਰਭੂ ਦਾ ਦਿਨ” (ἡ κυριακὴ ἡμέρα, *ਹੇ ਕੁਰਿਆਕੇ ਹੇਮੇਰਾ*) ਹਫਤੇ ਦੇ ਪਹਿਲੇ ਦਿਨ ਵੱਲ ਸੰਕੇਤ ਕਰਦਾ ਹੈ, ਜਦ ਮਸੀਹੀ ਲੋਕ ਇਕੱਠੇ ਹੁੰਦੇ ਸਨ। ਇਨ੍ਹਾਂ ਸ਼ਬਦਾਂ ਦੀ ਇੱਕਮਾਤਰ ਵਰਤੋਂ ਪਰਕਾਸ਼ ਦੀ ਪੋਥੀ 1:10 ਵਿੱਚ ਕੀਤੀ ਗਈ ਹੈ; ਪੌਲੁਸ ਨੇ ਇਸੇ ਵਿਸ਼ੇਸ਼ਣ “ਪ੍ਰਭੂ ਦਾ” (κυριακός, *ਕੁਰਿਆਕੋਸ*) ਦੀ ਵਰਤੋਂ 1 ਕੁਰਿੰਥੀਆਂ 11:20 ਵਿੱਚ ਪ੍ਰਭੂ ਭੋਜ ਲਈ ਕੀਤੀ ਹੈ।

ਪੌਲੁਸ ਨੇ ਇਸ ਪੱਤਰ ਦਾ ਅਰੰਭ ਇਨ੍ਹਾਂ ਮਸੀਹੀ ਲੋਕਾਂ ਨੂੰ ਝਿੜਕਣ ਦੇ ਨਾਲ ਕੀਤਾ ਸੀ ਕਿਉਂਕਿ ਉਨ੍ਹਾਂ ਵਿੱਚ ਉਨ੍ਹਾਂ ਦੇ ਮਨਪਸੰਦ ਉਪਦੇਸ਼ਕਾਂ, ਵਿਸ਼ੇਸ਼ ਤੌਰ ’ਤੇ ਆਪ ਪੌਲੁਸ ਅਤੇ ਅੱਪੁਲੋਸ, ਦੇ ਅਧਾਰ ’ਤੇ ਵੰਡ ਪੈ ਰਹੀ ਸੀ (1:10-15)। ਕੁਰਿੰਥੁਸ ਦੀ ਕਲੀਸਿਆ ਵਿੱਚ ਹੋਰ **ਫੋਟਕ** ਸਮਾਜਕ ਦਰਜੇ ਤੋਂ ਪੈਦਾ ਹੋਏ ਸਨ। ਸਮਾਜਕ ਦਰਜੇ ਦੇ ਕਾਰਨ ਪਈ ਵੰਡ ਭਿੰਨ-ਭਿੰਨ ਤਰ੍ਹਾਂ ਨਾਲ ਆਈ ਹੋਵੇਗੀ, ਪਰ ਜਦ ਕਲੀਸਿਆ ਪ੍ਰੇਮ ਭੋਜਨਾਂ ਲਈ

ਇਕੱਠੀ ਹੁੰਦੀ ਸੀ ਤਾਂ ਇਹ ਵੰਡ ਪਰਤੱਖ ਦਿਸਦੀ ਸੀ।

ਗਰਡ ਥੇਇਸੇਨ ਨੇ ਇਹ ਦਰਸਾਉਣ ਲਈ ਜ਼ੋਰਦਾਰ ਪ੍ਰਮਾਣ ਪੇਸ਼ ਕੀਤੇ ਕਿ ਜਿਨ੍ਹਾਂ ਫੋਟਕਾਂ ਦਾ ਹਵਾਲਾ ਪੌਲੁਸ ਨੇ 11:17-22 ਵਿੱਚ ਦਿੱਤਾ ਸੀ ਉਹ ਸਿਰਫ ਉਨ੍ਹਾਂ ਸੁਆਰਥੀ ਵਿਅਕਤੀਆਂ ਨਾਲੋਂ ਵਧ ਕੇ ਸੀ ਜੋ ਆਪਣਾ ਭੋਜਨ ਦੂਜਿਆਂ ਨਾਲ ਵੰਡਣਾ ਨਹੀਂ ਚਾਹੁੰਦੇ ਸਨ।[18] ਜਿਹੜੇ ਮਸੀਹੀ ਕਲੀਸਿਆ ਦੇ ਇਕੱਠੇ ਹੋਣ ਲਈ ਥਾਂ ਦਿੰਦੇ ਸਨ ਉਹ ਧਨਵਾਨ ਹੁੰਦੇ ਸਨ ਅਤੇ ਸਮਾਜ ਵਿੱਚ ਉਨ੍ਹਾਂ ਦਾ ਦਰਜਾ ਉੱਚਾ ਹੁੰਦਾ ਸੀ। ਜਦ ਉਹ ਆਪਣਾ ਭੋਜਨ ਖਾਂਦੇ ਸਨ ਤਾਂ ਉਹ ਕਲੀਸਿਆ ਵਿੱਚ ਆਉਣ ਵਾਲੇ ਨੀਵੇਂ ਦਰਜੇ ਦੇ ਲੋਕਾਂ ਤੋਂ ਵੱਖਰੇ ਹੋ ਜਾਂਦੇ ਸਨ। ਉਹ ਜਦ ਚਾਹੁੰਦੇ ਤਦ ਖਾਂਦੇ ਸਨ ਅਤੇ ਜਿੰਨੀ ਠਾਠ-ਬਾਠ ਨਾਲ ਚਾਹੁੰਦੇ ਉਵੇਂ ਖਾਂਦੇ ਸਨ। ਕਲੀਸਿਆ ਨੇ ਸਮਾਜਕ ਦਰਜੇ ਦੇ ਅਨੁਸਾਰ ਮੌਜੂਦ ਵੰਡ ਨੂੰ ਸਵੀਕਾਰ ਕਰ ਲਿਆ ਸੀ, ਜੋ ਬਾਹਰ ਦੇ ਸਮਾਜ ਦਾ ਇੱਕ ਆਮ ਹਿੱਸਾ ਸੀ ਪਰ ਪਰਮੇਸ਼ੁਰ ਦੀ ਕਿਰਪਾ ਨਾਲ ਛੁਡਾਏ ਗਏ ਲੋਕਾਂ ਦੀ ਮੰਡਲੀ ਵਿੱਚ ਜ਼ਹਿਰ ਦਾ ਕੰਮ ਕਰਦਾ ਸੀ।

ਜਿਸ ਪ੍ਰੇਮ ਭੋਜਨ ਦੇ ਕਾਰਨ ਕੁਰਿੰਥੁਸ ਦੀ ਕਲੀਸਿਆ ਵਿੱਚ ਸਮਾਜਕ ਦਰਜੇ ਦੇ ਹਿਸਾਬ ਨਾਲ ਵੰਡ ਪੈ ਗਈ ਸੀ, ਉਸ ਦੀ ਤੁਲਨਾ ਪ੍ਰਭੂ ਭੋਜ ਨਾਲ ਨਹੀਂ ਕੀਤੀ ਜਾ ਸਕਦੀ। ਕੁਰਿੰਥੁਸ ਦੇ ਵਿਸ਼ਵਾਸੀਆਂ ਦੁਆਰਾ ਖਾਧਾ ਜਾਣ ਵਾਲਾ ਪ੍ਰਭੂ ਭੋਜ ਤੋਂ ਵੱਖਰਾ ਇਹ ਪ੍ਰੇਮ ਭੋਜਨ ਜਾਂ ਤਾਂ ਪ੍ਰਭੂ ਭੋਜ ਤੋਂ ਪਹਿਲਾਂ ਖਾਧਾ ਜਾਂਦਾ ਸੀ ਜਾਂ ਫਿਰ ਬਾਅਦ ਵਿੱਚ।[19] ਇਹ ਭੋਜਨ ਏਕਤਾ ਨੂੰ ਵਧਾਉਣ ਦਾ ਇੱਕ ਜ਼ਰੀਆ ਹੋਣਾ ਚਾਹੀਦਾ ਸੀ, ਪਰ ਇਹ ਤਾਂ ਵੰਡ ਦਾ ਇੱਕ ਵਸੀਲਾ ਬਣ ਗਿਆ ਸੀ। ਉਨ੍ਹਾਂ ਦਾ ਅਮੀਰਾਂ ਅਤੇ ਗਰੀਬਾਂ ਦੇ ਸਮੂਹਾਂ ਵਿੱਚ ਵੰਡਿਆ ਜਾਣਾ ਮਸੀਹ ਦੀ ਦੇਹੀ ਦੁਆਰਾ ਦਾਅਵਾ ਕੀਤੀ ਜਾਣ ਵਾਲੀ ਏਕਤਾ ਨੂੰ ਝੂਠਾ ਠਹਿਰਾ ਰਿਹਾ ਸੀ। ਸ਼ਾਇਦ ਪੌਲੁਸ ਨੇ ਕਲੀਸਿਆ ਦੇ ਇਨ੍ਹਾਂ ਪ੍ਰੇਮ ਭੋਜਨਾਂ ਕਾਰਨ ਬਣੇ ਕੁਪੰਥਾਂ ਬਾਰੇ ਉਨ੍ਹਾਂ ਵਿਅਕਤੀਆਂ ਤੋਂ ਹੀ ਸੁਣਿਆ ਹੋਵੇਗਾ ਜਿਨ੍ਹਾਂ ਨੇ ਉਸ ਨੂੰ ਹੋਰਨਾਂ ਫੋਟਕਾਂ ਬਾਰੇ ਖ਼ਬਰ ਦਿੱਤੀ ਸੀ। ਹਾਲਾਂਕਿ ਕੁਰਿੰਥੁਸ ਵਿੱਚ ਅਰੰਭ ਹੋਈ ਇਸ ਕੁਪ੍ਰਥਾ ਨੂੰ ਜ਼ਰਾ ਵੀ ਸਹਿਣ ਨਹੀਂ ਕੀਤਾ ਜਾਣਾ ਚਾਹੀਦਾ ਸੀ, ਤਾਂ ਵੀ ਇਸ ਮਸਲੇ ’ਤੇ ਅੱਗੇ ਗੱਲ ਕਰਨ ਤੋਂ ਪਹਿਲਾਂ ਪੌਲੁਸ ਆਪਣੇ ਕ੍ਰੋਧ ਨੂੰ ਥੋੜਾ ਨਰਮ ਕਰ ਲੈਂਦਾ ਹੈ ਅਤੇ ਆਖਦਾ ਹੈ ਕਿ ਉਹ ਇਸ ਖ਼ਬਰ ’ਤੇ ਸਿਰਫ **ਥੋੜਾ ਬਹੁਤ** ਹੀ ਯਕੀਨ ਕਰਦਾ ਹੈ।

ਜੇਕਰ ਪੌਲੁਸ ਇਨ੍ਹਾਂ ਫੋਟਕਾਂ ਦੀ ਸ਼ਲਾਘਾ ਕਰਦਾ, ਘੱਟੋ-ਘੱਟ ਉਨ੍ਹਾਂ ਦੀ ਜਿਹੜੀਆਂ ਸਮਾਜਕ ਦਰਜੇ ਦੇ ਅਧਾਰ ’ਤੇ ਇਨ੍ਹਾਂ ਮਸੀਹੀਆਂ ਦੁਆਰਾ ਖੜ੍ਹੀਆਂ ਕੀਤੀਆਂ ਗਈਆਂ ਸਨ, ਤਾਂ ਇਹ 1:10 ਵਿੱਚ ਪੌਲੁਸ ਦੁਆਰਾ ਦਲੀਲ ਦਿੱਤੀ ਗਈ ਏਕਤਾ ਦੇ ਪ੍ਰਕਾਸ਼ ਵਿੱਚ ਉਸ ਦੇ ਸੁਭਾਉ ਦੇ ਬਿਲਕੁਲ ਉਲਟ ਹੋਣਾ ਸੀ। **ਕਿਉਂ ਜੋ ਅਵੱਸ਼ ਹੈ ਜੋ ਤੁਹਾਡੇ ਵਿੱਚ ਕੁਪੰਥ ਭੀ ਹੋਣ** ਦਾ ਸੰਦਰਭ ਸਾਵਧਾਨੀ ਨਾਲ ਜਾਂਚ ਕੀਤੇ ਜਾਣ ਦੀ ਮੰਗ ਕਰਦਾ ਹੈ। ਪਹਿਲੀ ਨਜ਼ਰ ਵਿੱਚ 11:19 ਇੱਕ ਅਜਿਹੀ ਟਿੱਪਣੀ ਜਾਪਦੀ ਹੈ ਜੋ ਆਪਣੀ ਗੱਲ ਨੂੰ ਸਹੀ ਠਹਿਰਾਉਣ ਲਈ ਕੀਤੀ ਗਈ ਹੋਵੇ; ਇਹ ਇਵੇਂ ਜਾਪਦੀ ਹੈ ਜਿਵੇਂ ਪੌਲੁਸ ਨੇ ਮਹਿਸੂਸ ਕੀਤਾ ਭਈ 11:18 ਵਿੱਚ ਉਸ ਵੱਲੋਂ ਦਿੱਤੀ ਗਈ ਝਿੜਕ ਦੇ ਸਮਰਥਨ ਕਰਨ ਲਈ ਉਸ ਨੂੰ ਕੁਝ ਹੋਰ ਕਹਿਣਾ ਪੈਣਾ ਸੀ। ਇਸ ਤਰ੍ਹਾਂ ਪੜ੍ਹਨ ਨਾਲ ਇਹ ਆਖਿਆ ਜਾ ਸਕਦਾ ਹੈ ਕਿ ਪੌਲੁਸ, ਘੱਟੋ-ਘੱਟ ਕੁਝ ਵਿਸ਼ੇਸ਼ ਹਾਲਾਤਾਂ ਵਿੱਚ, ਇਨ੍ਹਾਂ “ਕੁਪੰਥਾਂ” ਦੀ ਸ਼ਲਾਘਾ ਕਰ ਰਿਹਾ ਸੀ। 1:10 ਅਤੇ 11:18 ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਕੀ ਆਖ ਸਕਦੇ ਹਾਂ ਕਿ ਜਿਹੜੀ ਗੱਲ ਦਾ ਪੌਲੁਸ ਨੇ ਜ਼ੋਰਦਾਰ ਵਿਰੋਧ ਕੀਤਾ ਸੀ, ਉਸੇ ਦੀ ਉਹ ਕਿਸੇ ਵੀ ਹਾਲਾਤ ਵਿੱਚ ਸ਼ਲਾਘਾ ਕਰਨ ਲਈ

ਆਪਣੇ ਰਾਹ ਤੋਂ ਭਟਕ ਕਿਉਂ ਜਾਵੇਗਾ? 11:19 ਨੂੰ ਸਮਝਣ ਲਈ ਕੋਈ ਬਿਹਤਰ ਵਿਆਖਿਆ ਹੋਣੀ ਚਾਹੀਦੀ ਹੈ। ਇਹ ਆਇਤ 11:18 ਦੇ ਆਖਰੀ ਵਾਕ ਦਾ ਵੇਰਵਾ ਹੋ ਸਕਦੀ ਹੈ, "ਮੈਂ ਉਸ ਨੂੰ ਥੋੜਾ ਬਹੁਤ ਸੱਚ ਮੰਨਦਾ ਹਾਂ।"

ਕਲੀਸਿਆ ਦੇ ਇਕੱਠੇ ਹੋਣ 'ਤੇ ਪ੍ਰੇਮ ਭੋਜਨਾਂ ਦੇ ਕਾਰਨ ਪੈਣ ਵਾਲੀ ਦੁਸ਼ਟ ਫੁੱਟ ਦੀ ਖ਼ਬਰ ਨੂੰ ਪੌਲੁਸ ਥੋੜਾ ਬਹੁਤ ਸੱਚ ਮੰਨ ਸਕਦਾ ਸੀ। ਉਹ ਵੇਖ ਸਕਦਾ ਸੀ ਕਿ ਪਰਮੇਸ਼ੁਰ ਕਲੀਸਿਆ ਨੂੰ ਤਿਆਰ ਕਰ ਰਿਹਾ ਹੈ; ਉਹ ਕੁਰਿੰਥੁਸ ਦੇ ਵਿਸ਼ਵਾਸੀਆਂ ਦੇ ਫੈਸਲੇ ਦੀ ਜਾਂਚ ਕਰ ਰਿਹਾ ਸੀ ਕਿ ਕੀ ਉਹ ਯਿਸੂ ਦੀਆਂ ਸਿੱਖਿਆਵਾਂ ਦੇ ਅਨੁਸਾਰ ਜੀਉਣਗੇ ਜਾਂ ਨਹੀਂ। ਤਾਂ ਜੋ **ਜਿਹੜੇ ਪਰਵਾਨ ਹਨ ਓਹ ਤੁਹਾਡੇ ਵਿੱਚ ਉਜਾਗਰ ਹੋ ਜਾਣ,** ਕਿਉਂ ਜੋ ਇਸ ਭਿੰਨਤਾ ਦਾ ਪਰਤੱਖ ਹੋਣਾ ਲਾਜ਼ਮੀ ਸੀ। ਕਲੀਸਿਆ ਵਿੱਚ ਆਈ ਫੁੱਟ ਲਈ ਸਾਰੇ ਮਸੀਹੀ ਬਰਾਬਰ ਦੇ ਜ਼ਿੰਮੇਵਾਰ ਨਹੀਂ ਸਨ। ਫੋਟਕਾਂ ਦਾ ਕਾਰਨ ਉਹ ਲੋਕ ਸਨ ਜਿਹੜੇ ਆਪਣੀ ਅਮੀਰੀ ਦਾ ਦਿਖਾਵਾ ਕਰ ਰਹੇ ਸਨ (ਵੇਖੋ 11:27)। ਜਦ ਉਹ ਵੰਡ ਪਾਉਣ ਵਾਲੇ ਸੁਭਾਉ ਨੂੰ ਆਪਣੇ ਦਿਲਾਂ ਵਿੱਚ ਰੱਖ ਕੇ ਖਾ-ਪੀ ਰਹੇ ਸਨ, ਤਾਂ ਉਹ ਆਪਣੇ ਉੱਤੇ ਅਤੇ ਮਸੀਹ ਦੀ ਸਾਰੀ ਦੇਹੀ ਉੱਤੇ ਪਰਮੇਸ਼ੁਰ ਦਾ ਨਿਆਉਂ ਲਿਆ ਰਹੇ ਸਨ (11:29)। ਅਜੋਗ ਰੀਤੀ ਨਾਲ ਖਾਣ-ਪੀਣ ਦੁਆਰਾ ਉਹ ਮਸੀਹ ਦੀ ਦੇਹੀ ਦੀ ਏਕਤਾ ਨੂੰ ਨੁਕਸਾਨ ਪੁਚਾ ਰਹੇ ਸਨ। ਕਲੀਸਿਆ ਨੇ ਥੋੜਾ ਜਿਹਾ ਵੀ ਵਿਰੋਧ ਕੀਤੇ ਬਿਨਾ ਹੀ ਸਮਾਜ ਵਿੱਚ ਉੱਚੇ ਦਰਜੇ ਦੇ ਇਨ੍ਹਾਂ ਲੋਕਾਂ ਵੱਲੋਂ ਆਪਣੇ ਆਪ ਨੂੰ ਕਲੀਸਿਆ ਵਿੱਚ ਉੱਚੀਆਂ ਪਦਵੀਆਂ 'ਤੇ ਸਥਾਪਿਤ ਕਰਨ ਨੂੰ ਮਸੀਹੀ ਜੀਵਨ ਦੇ ਹਿੱਸੇ ਵਜੋਂ ਸਵੀਕਾਰ ਕਰ ਲਿਆ ਸੀ।

ਕੁਰਿੰਥੁਸ ਦੀ ਕਲੀਸਿਆ ਵਿੱਚ ਜਾਰੀ ਇਨ੍ਹਾਂ ਫੋਟਕਾਂ ਦਾ, ਜਿਸ ਵਿੱਚ ਅਮੀਰਾਂ ਨੇ ਆਪਣੇ ਵੱਖਰੇ ਦਲ ਤਿਆਰ ਕਰ ਲਏ ਸਨ, ਭਗਤੀ ਜਾਂ ਪਵਿੱਤਰਤਾਈ ਨਾਲ ਕੋਈ ਸੰਬੰਧ ਨਹੀਂ ਸੀ। ਇਸ ਦਾ ਸਿੱਧਾ ਸੰਬੰਧ ਸੁਆਰਥ ਅਤੇ ਹੰਕਾਰ ਨਾਲ ਸੀ। ਇੱਥੇ ਦੱਸੀਆਂ ਗਈਆਂ ਫੋਟਕਾਂ ਦਾ ਅਰੰਭ ਉਨ੍ਹਾਂ ਲੋਕਾਂ ਤੋਂ ਨਹੀਂ ਹੋਇਆ ਸੀ, ਜਿਨ੍ਹਾਂ ਕਰਕੇ ਅਧਿਆਇ 1 ਤੋਂ 3 ਵਿਚਲੀਆਂ ਫੋਟਕਾਂ ਦਾ ਅਰੰਭ ਹੋਇਆ ਸੀ। ਇਨ੍ਹਾਂ ਵਿੱਚ ਇੱਕਮਾਤਰ ਸਮਾਨਤਾ ਇਹ ਸੀ ਕਿ ਇਨ੍ਹਾਂ ਦਾ ਅਰੰਭ ਹੰਕਾਰ ਅਤੇ ਆਪਣੇ ਆਪ ਨੂੰ ਉੱਤਮ ਸਮਝਣ ਵਾਲੇ ਰਵੱਈਏ ਤੋਂ ਹੋਇਆ ਸੀ, ਜਿਨ੍ਹਾਂ ਕਰਕੇ ਭਾਈਆਂ ਅਤੇ ਭੈਣਾਂ ਵਿੱਚ ਵੰਡ ਦੀ ਕੰਧ ਖੜ੍ਹੀ ਹੋ ਗਈ ਸੀ।

**ਆਇਤ 20. ਅਸ਼ਾਇ ਰੱਬਾਨੀ** ਸ਼ਬਦ ਨਵੇਂ ਨੇਮ ਵਿੱਚ ਸਿਰਫ ਇਸ ਆਇਤ ਵਿੱਚ ਹੀ ਇਸਤੇਮਾਲ ਹੋਏ ਹਨ। ਕਿਉਂ ਜੋ ਯੂਨਾਨੀ ਵਿੱਚ ਮਾਲਕੀ ਦਰਸਾਉਣ ਲਈ ਸੰਬੰਧ ਸੂਚਕ ਚਿੰਨ੍ਹ ਦੀ ਵਰਤੋਂ ਨਹੀਂ ਕੀਤੀ ਜਾਂਦੀ, ਇਸ ਕਰਕੇ ਇੱਥੇ ਸੰਬੰਧ ਕਾਰਕ ਸ਼ਬਦ ਦੀ ਉਮੀਦ ਕੀਤੀ ਜਾ ਸਕਦੀ ਹੈ, "ਪ੍ਰਭੂ ਦਾ," τοῦ κυρίου (*ਟੋਉ ਕੁਰਿਓ*); ਪਰ ਪੌਲੁਸ ਨੇ ਅਜਿਹੇ ਵਿਸ਼ੇਸ਼ਣ ਦੀ ਵਰਤੋਂ ਕੀਤੀ ਜਿਸ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ, κυριακός (*ਕੁਰਿਆਕੋਸ*), ਜਿਸ ਦਾ ਅਰਥ ਹੈ "ਪ੍ਰਭੂ ਦਾ ਆਪਣਾ।"[20] ਇਸ ਵਿਸ਼ੇਸ਼ਣ ਦੀ ਨਵੇਂ ਨੇਮ ਵਿੱਚ ਸਿਰਫ ਇੱਕ ਹੋਰ ਥਾਂ 'ਤੇ ਵਰਤੋਂ ਪਰਕਾਸ਼ ਦੀ ਪੋਥੀ 1:10 ਵਿੱਚ ਹੋਈ ਹੈ, ਜਿਸ ਦਾ ਅਨੁਵਾਦ "ਪ੍ਰਭੂ ਦਾ ਦਿਨ" ਕੀਤਾ ਗਿਆ ਹੈ। ਜਿਸ ਵਿਸ਼ੇਸ਼ਣ ਦਾ ਅਰਥ "ਪ੍ਰਭੂ ਦਾ ਆਪਣਾ" ਹੈ ਉਸ ਦੀ ਵਰਤੋਂ ਦੋ ਸ਼ਬਦਾਂ, "ਭੋਜ" ਅਤੇ "ਦਿਨ" ਤੋਂ ਪਹਿਲਾਂ ਕੀਤੇ ਜਾਣਾ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਪੌਲੁਸ ਨੇ ਪ੍ਰਭੂ ਵਿੱਚ ਵਿਸ਼ਵਾਸ ਕਰਨ ਵਾਲੇ ਨਵੇਂ ਲੋਕਾਂ ਨੂੰ ਸਿਖਾਇਆ ਕਿ ਉਹ ਪ੍ਰਭੂ ਭੋਜ ਦੀ ਪਾਲਣਾ ਕਰਨ ਅਤੇ ਹਫਤੇ ਦੇ ਪਹਿਲੇ ਦਿਨ ਸੰਗਤੀ ਲਈ ਇਕੱਠੇ ਹੋਣ। ਇਹ ਦੋ ਗੱਲਾਂ, ਦਿਨ ਅਤੇ ਭੋਜ, ਖਾਸ ਤੌਰ 'ਤੇ ਪ੍ਰਭੂ ਦੇ ਆਪਣੇ ਹਨ। ਇਨ੍ਹਾਂ ਦੋਹਾਂ ਦੇ ਕੇਂਦਰ

ਵਿੱਚ ਯਾਦਗੀਰੀ ਅਤੇ ਨਿਸ਼ਾਨੀ ਹੈ।

ਪੌਲੁਸ ਨੇ ਇੱਕ ਹੋਰ ਉਪਵਾਕ ਵੀ ਜੋੜਿਆ ਜਿਸ ਨੂੰ ਜ਼ਿਆਦਾਤਰ ਅਨੁਵਾਦਾਂ ਵਿੱਚ ਅਣਦੇਖਾ ਕੀਤਾ ਜਾਂਦਾ ਹੈ, ἐπὶ τὸ αὐτὸ (*ਏਪੀ ਟੋ ਔਟੋ*), ਜਿਸ ਦਾ ਅਰਥ ਹੈ **ਇਕੱਠੇ ਹੁੰਦੇ ਹੋ।** ਇਸ ਉਪਵਾਕ ਦੀ ਵਰਤੋਂ ਰਸੂਲਾਂ ਦੇ ਕਰਤੱਬ ਦੀ ਪੁਸਤਕ ਦੇ ਅਰੰਭ ਦੇ ਅਧਿਆਇਆਂ ਵਿੱਚ ਹੋਈ ਹੈ (ਵੇਖੋ 1:15; 2:1, 44), ਜੋ ਮਸੀਹੀਅਤ ਦੇ ਸਮਾਜਕ ਸੁਭਾਉ ਉੱਤੇ ਜ਼ੋਰ ਦਿੰਦਾ ਹੈ। ਪ੍ਰਭੂ ਦੇ ਦਿਨ ਕਲੀਸਿਆ ਦਾ ਇਕੱਠਾ ਹੋਣਾ ਅਤੇ ਕਲੀਸਿਆ ਵੱਲੋਂ ਰਲ਼ ਕੇ ਪ੍ਰਭੂ ਭੋਜ ਲੈਣਾ ਹਰੇਕ ਮਸੀਹੀ ਦੇ ਉਸ ਸੁਰਗੀ ਮਸੀਹ ਦੇ ਨਾਲ, ਜੋ ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੈ, ਜੁੜੇ ਹੋਣ, ਸ਼ਾਮਿਲ ਹੋਣ, ਅਤੇ ਸੰਗਤੀ ਕਰਨ ਦਾ ਹਵਾਲਾ ਦਿੰਦਾ (ਵੇਖੋ 10:16; ਇਬਰਾਨੀਆਂ 10:12)। ਦਿਨ ਅਤੇ ਭੋਜ ਆਪਸ ਵਿੱਚ ਜੁੜੇ ਹੋਏ ਹਨ; ਇਹ ਦੋਵੇਂ ਪ੍ਰਭੂ ਦੇ ਕਸ਼ਟਾਂ ਅਤੇ ਮੌਤ ਉੱਤੇ ਉਸ ਦੀ ਜਿੱਤ ਦੀ ਯਾਦਗੀਰੀ ਹਨ। ਇਕਰਾਰ, ਜੀਵਨਸ਼ੈਲੀ ਅਤੇ ਸੰਗਤੀ ਲਈ ਇਹ ਦੋਵੇਂ ਮੁੱਢਲੇ ਤੌਰ ’ਤੇ ਲੋੜੀਂਦੇ ਹਨ।

**ਆਇਤ 21.** ਨਿਰਸੰਦੇਹ ਕੁਰਿੰਥੁਸ ਦੀ ਕਲੀਸਿਆ ਵਿੱਚ ਪ੍ਰਭੂ ਭੋਜ ਸਿਰਫ ਇੱਕ ਰਸਮ ਬਣ ਰਿਹਾ ਸੀ। ਸ਼ਾਇਦ ਕਲੀਸਿਆ ਨੇ ਇਹ ਮੰਨ ਲਿਆ ਸੀ ਕਿ ਪ੍ਰਭੂ ਭੋਜ ਨੂੰ ਲਏ ਜਾਣ ਦਾ ਉਨ੍ਹਾਂ ਦਾ ਤਰੀਕਾ ਮਾਇਨੇ ਨਹੀਂ ਰੱਖਦਾ। ਅਸਲ ਵਿੱਚ ਪੌਲੁਸ ਨੇ ਆਖਿਆ, “ਜਿਸ ਤਰ੍ਹਾਂ ਦਾ ਤੁਹਾਡਾ ਸੁਭਾਉ ਹੈ, ਉਸ ਦੇ ਕਾਰਨ ਪ੍ਰਭੂ ਆਪ ਇਸ ਵਿੱਚ ਸ਼ਾਮਿਲ ਨਹੀਂ ਹੋਵੇਗਾ। ਜਿਸ ਨੂੰ ਤੁਸੀਂ ‘ਪ੍ਰਭੂ ਭੋਜ’ ਆਖ ਰਹੇ ਹੋ ਉਸ ਤੋਂ ਪ੍ਰਭੂ ਨੂੰ ਕੋਈ ਮਹਿਮਾ ਨਹੀਂ ਮਿਲ ਰਹੀ।”

ਪੌਲੁਸ ਦੋ ਵੱਖਰੀਆਂ ਗੱਲਾਂ ਬਾਰੇ ਚਰਚਾ ਕਰ ਰਿਹਾ ਸੀ। 11:21 ਵਿੱਚ ਉਸ ਨੇ ਪ੍ਰਭੂ ਭੋਜ, ਜਿਸ ਨੂੰ ਕਲੀਸਿਆ ਯਾਦਗੀਰੀ ਅਤੇ ਅਰਾਧਨਾ ਲਈ ਕਰਦੀ ਸੀ, ਅਤੇ ਪ੍ਰੇਮ ਭੋਜਨ, ਜਿਸ ਵਿੱਚ **ਹਰੇਕ ਆਪੋ ਆਪਣਾ ਭੋਜਨ** ਖਾਣ ਵਿੱਚ ਰੁੱਝਿਆ ਹੋਇਆ ਸੀ, ਦੋਹਾਂ ਦੀ ਗੱਲ ਕੀਤੀ।[21] ਜਿਸ ਤਰ੍ਹਾਂ ਨਾਲ ਮਸੀਹੀ ਲੋਕ ਸਮਾਜਕ ਅਤੇ ਆਰਥਿਕ ਦਰਜਿਆਂ ਵਿੱਚ ਵੰਡੇ ਜਾ ਕੇ ਪ੍ਰੇਮ ਭੋਜਨ ਅਰਥਾਤ ਸਧਾਰਨ ਭੋਜਨ ਖਾਂਦੇ ਸਨ, ਉਹ ਉਨ੍ਹਾਂ ਦੇ ਇੱਕ ਦੇਹੀ ਹੋਣ ਦੇ ਦਾਅਵੇ ਨੂੰ ਝੂਠਾ ਪ੍ਰਮਾਣਿਤ ਕਰ ਰਿਹਾ ਸੀ, ਜਿਹੜੀ ਏਕਤਾ ਅਸਲ ਵਿੱਚ ਪ੍ਰਭੂ ਭੋਜ ਵਿੱਚ ਦਿਖਾਈ ਦੇਣੀ ਚਾਹੀਦੀ ਹੈ। ਰਸੂਲ ਪੌਲੁਸ ਨੇ ਦੋਹਾਂ ਬਾਰੇ ਖੁਲ੍ਹ ਕੇ ਚਰਚਾ ਕੀਤੀ ਅਤੇ ਦੋਹਾਂ ਵਿੱਚ ਸ਼ਾਮਿਲ ਵਿਹਾਰਾਂ ਦੀ ਤੁਲਨਾ ਕੀਤੀ। ਕੁਝ ਲੋਕ ਇਨ੍ਹਾਂ ਭੋਜਨਾਂ ਵਿੱਚੋਂ ਭੁੱਖੇ ਹੀ ਜਾ ਰਹੇ ਸਨ ਅਤੇ ਕੁਝ ਪੀ ਕੇ ਮਤਵਾਲੇ ਹੋ ਰਹੇ ਸਨ। ਪੌਲੁਸ ਦੁਆਰਾ ਇਨ੍ਹਾਂ ਕਠੋਰ ਸ਼ਬਦਾਂ ਦੀ ਵਰਤੋਂ ਦਰਸਾਉਂਦੀ ਹੈ ਕਿ ਉਨ੍ਹਾਂ ਦਾ ਇਹ ਸੁਭਾਉ ਦੇਹੀ ਦੀ ਏਕਤਾ ਨੂੰ ਪੂਰੀ ਤਰ੍ਹਾਂ ਰੱਦ ਰਿਹਾ ਸੀ।

ਵੇਨ ਏ. ਮੀਕਸ ਨੇ ਸ਼ਾਇਦ ਇਹ ਸਿੱਟਾ ਕੱਢਦਿਆਂ ਸਹੀ ਆਖਿਆ ਕਿ ਪੌਲੁਸ ਦੀ ਇਸ ਤਾੜਨਾਂ ਨੂੰ ਸਮਝਾਉਣ ਦਾ ਸ਼ਾਇਦ ਸਭ ਤੋਂ ਵਧੀਆ ਤਰੀਕਾ ਇਹ ਮੰਨਣਾ ਹੈ ਕਿ “ਮੁੱਢਲੀ ਵੰਡ (ਇੱਕ ਦੂਜੇ ਤੋਂ) ਅਮੀਰ ਅਤੇ (ਇੱਕ ਦੂਜੇ ਤੋਂ) ਗਰੀਬ ਲੋਕਾਂ ਦੇ ਵਿਚਕਾਰ ਸੀ।”[22] ਸਭਾ ਦੇ ਰਲ਼ ਕੇ ਭੋਜਨ ਕਰਨ ਵੇਲੇ ਅਮੀਰ ਲੋਕ ਆਪਣੀ ਅਮੀਰੀ ਦਾ ਦਿਖਾਵਾ ਕਰਕੇ ਗਰੀਬਾਂ ਨੂੰ ਜਲੀਲ ਕਰ ਰਹੇ ਸਨ। ਪ੍ਰਭੂ ਭੋਜ ਵਿੱਚ ਕੁਰਿੰਥੁਸ ਦੇ ਮਸੀਹੀ ਅਜਿਹੇ ਵਿਸ਼ਵਾਸੀ ਹੋਣ ਦਾ ਦਾਅਵਾ ਕਰ ਰਹੇ ਸਨ ਜੋ ਸਾਰੇ ਦੇ ਸਾਰੇ ਪਰਮੇਸ਼ੁਰ ਦੀ ਦ੍ਰਿਸ਼ਟੀ ਵਿੱਚ ਇੱਕ ਬਰਾਬਰ ਸਨ। ਪਰ ਪ੍ਰੇਮ ਭੋਜਨਾਂ ਵਿੱਚ ਧਨਵਾਨ ਉਨ੍ਹਾਂ ਤੋਂ ਆਪਣੇ ਆਪ ਨੂੰ ਦੂਰ ਕਰ ਲੈਂਦੇ ਸਨ ਜਿਨ੍ਹਾਂ ਕੋਲ ਉਨ੍ਹਾਂ ਨਾਲੋਂ ਘੱਟ ਹੁੰਦਾ ਸੀ; ਉਹ ਜਦੋਂ ਅਤੇ ਜਿਵੇਂ ਚਾਹੁੰਦੇ ਸਨ ਉਦੋਂ ਅਤੇ ਉਵੇਂ ਖਾਂਦੇ-ਪੀਂਦੇ ਸਨ (ਵੇਖੋ 11:33), ਅਤੇ ਉਨ੍ਹਾਂ ਨੂੰ ਆਪਣੇ ਸੰਗੀ ਮਸੀਹੀ ਲੋਕਾਂ ਦੀ ਕੋਈ

ਪਰਵਾਹ ਨਹੀਂ ਸੀ।

**ਆਇਤ 22.** ਇਸ ਹਿੱਸੇ ਦੇ ਅੰਤ ਵਿੱਚ ਇਹ ਲਿਖਿਆ ਗਿਆ ਹੈ, **ਮੈਂ ਤੁਹਾਡੀ ਵਡਿਆਈ ਨਹੀਂ ਕਰਦਾ ਹਾਂ** (ਵੇਖੋ 11:17)। ਇਹ ਕਥਨ ਚੇਤੇ ਕਰਾਉਂਦਾ ਹੈ ਕਿ ਪੌਲੁਸ ਦੁਆਰਾ ਇਹ ਦੱਸਿਆ ਜਾਣਾ ਕਿ ਪ੍ਰਭੂ ਭੋਜ ਦੀ ਸਥਾਪਨਾ ਕਿਵੇਂ ਹੋਈ ਸੀ (11:23-26), ਆਪਣੇ ਆਪ ਵਿੱਚ ਅੰਤ ਨਹੀਂ ਸੀ। ਪ੍ਰੇਮ ਭੋਜਨਾਂ ਵੇਲੇ ਸਮਾਜਕ ਦਰਜੇ ਦੇ ਅਧਾਰ 'ਤੇ ਹੋਣ ਵਾਲੀ ਵੰਡ ਪੌਲੁਸ ਦੇ ਲਈ ਚਿੰਤਾ ਦਾ ਇੱਕ ਵੱਡਾ ਵਿਸ਼ਾ ਸੀ। ਕੁਪੰਥ ਪ੍ਰਭੂ ਵੱਲੋਂ ਸਿਖਾਈ ਗਈ ਏਕਤਾ ਨੂੰ ਰੱਦ ਰਹੇ ਸਨ।

## ਪ੍ਰਭੂ ਭੋਜ (11:23-34)

ਨਵੇਂ ਨੇਮ ਵਿੱਚ ਚਾਰੇ ਇੰਜੀਲਾਂ ਪੜ੍ਹਨ ਤੋਂ ਬਾਅਦ ਪਾਠਕ ਸ਼ਾਇਦ ਇਹ ਉਮੀਦ ਕਰੇ ਕਿ ਅਗਲੀਆਂ ਪੁਸਤਕਾਂ ਵਿੱਚ ਉਹ ਯਿਸੂ ਦੇ ਦ੍ਰਿਸ਼ਟਾਂਤਾਂ ਅਤੇ ਕੰਮਾਂ ਦੇ ਹਵਾਲੇ ਬਾਰ-ਬਾਰ ਪੜ੍ਹੇਗਾ। ਪਰ ਰਸੂਲਾਂ ਦੇ ਕਰਤੱਬ ਦੀ ਪੁਸਤਕ, ਪੱਤਰੀਆਂ, ਅਤੇ ਪਰਕਾਸ਼ ਦੀ ਪੋਥੀ ਪ੍ਰਭੂ ਦੇ ਜੀਵਨ ਅਤੇ ਸੇਵਾ ਬਾਰੇ ਬਹੁਤ ਘੱਟ ਆਖਦੀਆਂ ਹਨ। ਬਹੁਤਾ ਜ਼ੋਰ ਪ੍ਰਭੂ ਦੀ ਮੌਤ, ਉਸ ਦੇ ਜੀ ਉੱਠਣ ਅਤੇ ਉਸ ਦੀ ਵਾਪਸੀ ਦੇ ਵਾਇਦੇ ਉੱਤੇ ਦਿੱਤਾ ਗਿਆ ਹੈ। ਪੌਲੁਸ ਕਦੇ-ਕਦੇ ਹੀ ਪ੍ਰਭੂ ਦੁਆਰਾ ਬੋਲੀਆਂ ਗਈਆਂ ਗੱਲਾਂ ਦਾ ਹਵਾਲਾ ਦਿੰਦਾ ਹੁੰਦਾ ਸੀ (1 ਕੁਰਿੰਥੀਆਂ 7:10; 9:14), ਪਰ ਜੋ ਉਸ ਨੇ ਪ੍ਰਭੂ ਭੋਜ ਬਾਰੇ ਸਿਖਾਇਆ ਹੈ ਉਸ ਦੀ ਤੁਲਨਾ ਹੋਰ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ।

ਪ੍ਰਭੂ ਭੋਜ ਵਿੱਚ ਪਰਮੇਸ਼ੁਰ ਆਪਣੀ ਕਿਰਪਾ ਨੂੰ ਪਰਗਟ ਕਰਦਾ ਹੈ ਅਤੇ ਆਪਣੀ ਸ਼ਕਤੀ ਨੂੰ ਉਜਾਗਰ ਕਰਦਾ ਹੈ। ਰੋਟੀ ਅਤੇ ਪਿਆਲਾ ਮਸੀਹੀ ਨਿਹਚਾ ਦੇ ਮੁੱਢਲੇ ਘਟਨਾਕ੍ਰਮ ਨੂੰ ਚੇਤੇ ਕਰਾਉਂਦੇ ਹਨ। ਹਾਂ, ਇਹ ਇੱਕ ਯਾਦਗੀਰੀ ਹੈ, ਪਰ ਇਹ ਉਸ ਨਾਲੋਂ ਵਧ ਕੇ ਵੀ ਹੈ। ਅਸੀਂ ਪੌਲੁਸ ਦੇ ਪੱਤਰ ਵਿੱਚ ਇਹ ਵੇਖ ਚੁੱਕੇ ਹਾਂ ਕਿ ਪਿਆਲਾ ਮਸੀਹ ਦੇ ਲਹੂ ਦੀ "ਸਾਂਝ" ਜਾਂ "ਸੰਗਤੀ" ਹੈ ਅਤੇ ਰੋਟੀ ਪ੍ਰਭੂ ਦੇ ਸਰੀਰ ਦੀ "ਸਾਂਝ" ਜਾਂ "ਸੰਗਤੀ" ਹੈ (10:16)।

### ਪ੍ਰਭੂ ਭੋਜ ਦੀ ਸਥਾਪਨਾ (11:23-26)

**23ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੂ ਯਿਸੂ ਨੇ**
**ਜਿਸ ਰਾਤ ਉਹ ਫੜਵਾਇਆ ਗਿਆ ਸੀ ਰੋਟੀ ਲਈ। 24ਅਤੇ ਸ਼ੁਕਰ ਕਰ ਕੇ ਤੋੜੀ ਅਤੇ**
**ਕਿਹਾ, ਇਹ ਮੇਰਾ ਸਰੀਰ ਹੈ ਜੋ ਤੁਹਾਡੇ ਲਈ ਹੈ। ਮੇਰੀ ਯਾਦਗੀਰੀ ਲਈ ਇਹ ਕਰਿਆ**
**ਕਰੋ। 25ਇਸੇ ਤਰਾਂ ਉਸ ਨੇ ਭੋਜਨ ਖਾਣ ਦੇ ਪਿੱਛੋਂ ਪਿਆਲਾ ਭੀ ਲਿਆ ਅਤੇ ਕਿਹਾ ਜੋ**
**ਇਹ ਪਿਆਲਾ ਮੇਰੇ ਲਹੂ ਵਿੱਚ ਨਵਾਂ ਨੇਮ ਹੈ। ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ**
**ਯਾਦਗੀਰੀ ਲਈ ਇਹ ਕਰਿਆ ਕਰੋ। 26ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ**
**ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ**
**ਉਹ ਨਾ ਆਵੇ।**

**ਆਇਤ 23.** ਇਸ ਵਿਵਾਦ ਦੇ ਵਿਚਾਲੇ ਪੌਲੁਸ ਨੇ ਉਸ ਖੁਸ਼ ਖ਼ਬਰੀ ਬਾਰੇ, ਜਿਸ ਦਾ ਉਹ ਪ੍ਰਚਾਰ ਕਰਦਾ ਸੀ, ਆਖਿਆ, "ਉਹ ਮੈਨੂੰ ਨਾ ਤਾਂ ਇਨਸਾਨ ਕੋਲੋਂ ਮਿਲੀ, ਨਾ ਹੀ ਮੈਂ

ਸਿਖਾਇਆ ਗਿਆ ਸਗੋਂ ਉਹ ਯਿਸੂ ਮਸੀਹ ਦੇ ਪਰਕਾਸ਼ ਦੇ ਰਾਹੀਂ ਮੈਨੂੰ ਪਰਾਪਤ ਹੋਈ" (ਗਲਾਤੀਆਂ 1:12)। ਇਸ ਰਸੂਲ ਨੂੰ ਆਪਣਾ ਇਖ਼ਤਿਆਰ ਕਿਸੇ ਮਨੁੱਖ ਕੋਲੋਂ ਨਹੀਂ ਮਿਲਿਆ ਸੀ – ਇੱਥੋਂ ਤੱਕ ਕਿ ਯਰੂਸ਼ਲਮ ਵਿਚਲੇ ਰਸੂਲਾਂ ਕੋਲੋਂ ਵੀ ਨਹੀਂ। ਪਰ ਨਾਲ ਹੀ ਉਸ ਨੇ ਉਨ੍ਹਾਂ ਰੀਤਾਂ ਦੀ ਨਿਖੇਧੀ ਵੀ ਨਹੀਂ ਕੀਤੀ ਜਿਹੜੀ ਉਸ ਤੋਂ ਪਹਿਲਾਂ ਦੇ ਰਸੂਲਾਂ ਵੱਲੋਂ ਦਿੱਤੀਆਂ ਗਈਆਂ ਸਨ (2:2), ਅਤੇ ਨਾ ਹੀ ਉਸ ਨੇ ਵਿਸ਼ਵਾਸੀਆਂ ਨੂੰ ਸਿਖਾਇਆ ਭਈ ਮਸੀਹੀ ਰੀਤਾਂ ਦੀ ਨਿਖੇਧੀ ਕਰਨ (2 ਥੱਸਲੁਨੀਕੀਆਂ 2:15)। ਜਦ ਪੌਲੁਸ ਨੇ ਆਖਿਆ ਕਿ ਜੋ ਗੱਲ ਉਸ ਨੇ **ਪ੍ਰਭੂ ਤੋਂ ਪਾਈ ਸੀ ਜਿਹੜੀ** [ਉਸ ਨੇ] ਕੁਰਿੰਥਿਆਂ ਨੂੰ **. . . ਸੌਂਪ ਦਿੱਤੀ** ਸੀ, ਤਾਂ ਉਹ ਸ਼ਾਇਦ ਉਹ ਇਹ ਦਾਅਵਾ ਨਹੀਂ ਕਰ ਰਿਹਾ ਸੀ ਕਿ ਮਸੀਹ ਨੇ ਉਸ ਨੂੰ ਸਾਰਿਆਂ ਤੋਂ ਕੋਈ ਨਿਰਾਲਾ ਪਰਕਾਸ਼ ਦਿੱਤਾ ਸੀ। ਜਿਹੜਾ ਪਰਕਾਸ਼ ਉਸ ਨੇ ਪ੍ਰਭੂ ਕੋਲੋਂ ਪ੍ਰਾਪਤ ਕੀਤਾ ਸੀ ਉਹ ਉਸ ਦੇ ਕੋਲ ਉਸ ਤੋਂ ਪਹਿਲਾਂ ਦੇ ਰਸੂਲਾਂ ਅਤੇ ਨਬੀਆਂ ਦੇ ਰਾਹੀਂ ਆਇਆ ਸੀ, ਉਨ੍ਹਾਂ ਦੇ ਰਾਹੀਂ ਜੋ ਖੁਸ਼ ਖ਼ਬਰੀ ਦੇ ਮੁਢਲੇ ਘਟਨਾਕ੍ਰਮਾਂ ਬਾਰੇ ਇਖ਼ਤਿਆਰ ਨਾਲ ਬੋਲਣ ਲਈ ਪਵਿੱਤਰ ਆਤਮਾ ਵੱਲੋਂ ਪ੍ਰੇਰਿਤ ਸਨ। ਪੌਲੁਸ ਸਿਰਫ ਕੁਰਿੰਥੀਆਂ ਨੂੰ ਉਨ੍ਹਾਂ ਦੇ ਪ੍ਰਭੂ ਭੋਜ ਲੈਣ ਦੇ ਤਰੀਕੇ ਨੂੰ ਸੁਧਾਰਨ ਨਾਲੋਂ ਕਿਤੇ ਵਧੇਰੇ ਕੁਝ ਕਰਨਾ ਚਾਹੁੰਦਾ ਸੀ। ਉਸ ਦਾ ਇੱਕ ਉਦੇਸ਼ ਪ੍ਰਭੂ ਭੋਜ ਦੇ ਉਸ ਪ੍ਰੇਮ ਭੋਜਨ ਉੱਤੇ ਪੈਣ ਵਾਲੇ ਪ੍ਰਭਾਵ ਬਾਰੇ ਗੱਲ ਕਰਨਾ ਵੀ ਸੀ ਜਿਹੜਾ ਪ੍ਰਭੂ ਭੋਜ ਤੋਂ ਬਾਅਦ ਵਿੱਚ ਖਾਧਾ ਜਾਂਦਾ ਸੀ।

ਸੰਭਵ ਹੈ ਕਿ ਪੌਲੁਸ ਨੇ ਕੁਰਿੰਥੁਸ ਵਿੱਚ ਆਪਣੀ ਪਹਿਲੀ ਯਾਤਰਾ ਵੇਲੇ ਉਨ੍ਹਾਂ ਨੂੰ ਪ੍ਰਭੂ ਭੋਜ ਦੀ ਪਾਲਣਾ ਕਰਨ ਬਾਰੇ ਸਿਖਾਇਆ ਹੋਵੇਗਾ (ਵੇਖੋ ਰਸੂਲਾਂ ਦੇ ਕਰਤੱਬ 18:1-11)। ਜਿੱਥੇ ਕਿਤੇ ਪੌਲੁਸ ਨੇ ਕਲੀਸਿਆਵਾਂ ਸਥਾਪਿਤ ਕੀਤੀਆਂ, ਉੱਥੇ ਉਸ ਨੇ ਮਸੀਹੀਆਂ ਨੂੰ ਪ੍ਰਭੂ ਦੇ ਦਿਨ ਇਕੱਠੇ ਹੋਣ ਅਤੇ ਪ੍ਰਭੂ ਭੋਜ ਦੀ ਪਾਲਣਾ ਕਰਨਾ ਸਿਖਾਇਆ। ਪੌਲੁਸ ਨੇ ਹੋਰਨਾਂ ਮਿਸ਼ਨਰੀਆਂ ਵਾਂਗ ਨਵੇਂ ਮਸੀਹੀਆਂ ਨੂੰ ਸਿਖਾਇਆ ਕਿ ਕਿਵੇਂ **ਪ੍ਰਭੂ ਯਿਸੂ ਨੇ ਜਿਸ ਰਾਤ ਉਹ ਫੜਵਾਇਆ ਗਿਆ ਸੀ ਰੋਟੀ ਲਈ।** ਜਦ ਮਸੀਹੀ ਲੋਕ ਰੋਟੀ ਤੋੜਦੇ ਸਨ ਅਤੇ ਪਿਆਲੇ ਵਿੱਚੋਂ ਪੀਂਦੇ ਸਨ, ਉਹ ਪ੍ਰਭੂ ਯਿਸੂ ਦੀ ਕੁਰਬਾਨੀ ਨੂੰ ਚੇਤੇ ਕਰਦੇ ਸਨ।

**ਆਇਤਾਂ 24, 25.** ਸਿਰਫ ਪੌਲੁਸ ਅਤੇ ਲੂਕਾ ਨੇ ਹੀ ਯਿਸੂ ਦੁਆਰਾ ਰੋਟੀ ਤੋੜੇ ਜਾਣ ਦਾ ਵੇਰਵਾ ਦਿੰਦਿਆਂ **ਸ਼ੁਕਰ ਕਰ ਕੇ ਤੋੜੀ** (εὐχαριστήσας, *ਯੁਖਾਰਿਸਟੇਸਾਸ*) ਸ਼ਬਦਾਂ ਦੀ ਵਰਤੋਂ ਕੀਤੀ ਹੈ।[23] ਮੱਤੀ 26:26 ਅਤੇ ਮਰਕੁਸ 14:22 ਆਖਦੇ ਹਨ ਕਿ ਉਸ ਨੇ ਰੋਟੀ "ਬਰਕਤ" ਦੇ ਕੇ ਤੋੜੀ, ਹਾਲਾਂਕਿ ਇਸ ਦੇ ਅਰਥ ਵਿੱਚ ਬਹੁਤਾ ਅੰਤਰ ਨਹੀਂ ਹੈ। ਜਦ ਇੱਕ ਮਸੀਹੀ ਵਿਅਕਤੀ ਸੰਗਤੀ ਵਿੱਚ ਆਪਣੇ ਸੰਗੀ ਵਿਸ਼ਵਾਸੀਆਂ ਦੇ ਨਾਲ ਰੋਟੀ ਲੈਂਦਾ ਹੈ ਤਾਂ ਉਹ ਪ੍ਰਭੂ ਦੇ ਸਰੀਰ ਨੂੰ ਸਾਂਝਾ ਕਰਦਾ ਹੈ।

ਕੁਝ ਧਾਰਮਿਕ ਸਮੂਹ "ਟ੍ਰਾਨਸਬਸਟੈਂਸਿਏਸ਼ਨ" ਦੀ ਸਿੱਖਿਆ ਦਿੰਦੇ ਹਨ ਕਿ ਜਦ ਵਿਸ਼ਵਾਸੀ ਪ੍ਰਭੂ ਭੋਜ ਦੀ ਰੋਟੀ ਖਾਂਦਾ ਹੈ ਤਾਂ ਇਹ ਸੱਚਮੁੱਚ ਮਸੀਹ ਦਾ ਮਾਸ ਬਣ ਜਾਂਦੀ ਹੈ। ਇਸ ਦੇ ਉਲਟ, ਯਿਸੂ ਨੇ **ਇਹ ਮੇਰਾ ਸਰੀਰ ਹੈ,** ਉਸੇ ਤਰ੍ਹਾਂ ਕਿਹਾ ਸੀ ਜਿਵੇਂ ਉਸ ਨੇ ਇੱਕ ਹੋਰ ਸੰਦਰਭ ਵਿੱਚ ਇਹ ਆਖਿਆ ਸੀ, "ਮੈਂ ਸੱਚੀ ਅੰਗੂਰ ਦੀ ਬੇਲ ਹਾਂ" (ਯੂਹੰਨਾ 15:1)। ਰੋਟੀ ਉਸੇ ਤਰ੍ਹਾਂ ਪ੍ਰਤੀਕਾਤਮਕ ਅਤੇ ਆਤਮਕ ਰੂਪ ਵਿੱਚ ਯਿਸੂ ਦੇ ਸਰੀਰ ਦੀ ਨੁਮਾਇੰਦਗੀ ਕਰਦੀ ਹੈ ਜਿਸ ਤਰ੍ਹਾਂ ਯਿਸੂ ਦਾ ਅੰਗੂਰ ਦੀ ਬੇਲ ਹੋਣਾ ਪ੍ਰਤੀਕਾਤਮਕ ਹੈ।

ਰੋਟੀ ਅਤੇ ਪਿਆਲੇ ਦੇ ਵਸੀਲੇ ਵਿਸ਼ਵਾਸੀ ਆਪਣੀ ਸਾਂਝੀ ਨਿਹਚਾ ਨੂੰ ਦਰਸਾਉਂਦੇ ਹਨ ਕਿ ਯਿਸੂ ਆਪਣੇ ਲੋਕਾਂ ਲਈ ਮੌਤ ਦਾ ਸਾਹਮਣਾ ਕਰਕੇ ਜੇਤੂ ਹੋਇਆ। ਉਸ ਨੇ ਸਾਡਿਆਂ

ਪਾਪਾਂ ਨੂੰ ਚੁੱਕ ਲਿਆ। ਪ੍ਰਭੂ ਭੋਜ ਲੈਣਾ ਇੱਕ ਸੰਗਤੀ ਹੈ; ਇਹ ਇੱਕ ਸਾਂਝ ਹੈ। ਰੋਟੀ ਅਤੇ ਪਿਆਲੇ ਵਿੱਚ ਹਿੱਸਾ ਲੈ ਕੇ ਵਿਸ਼ਵਾਸੀ ਇੱਕ ਦੂਜੇ ਨਾਲ ਮਿਲ ਕੇ ਪ੍ਰਭੂ ਦੇ ਨਾਲ ਸਾਂਝੀ ਹੁੰਦੇ ਹਨ। ਪ੍ਰਭੂ ਭੋਜ ਦੇ ਵਸੀਲੇ ਵਿਸ਼ਵਾਸੀ ਆਪਣੀ ਨਿਹਚਾ ਨੂੰ ਮੁੜ ਨਵਾਂ ਕਰਦੇ ਹਨ ਅਤੇ ਸੁਰਗੋਂ ਸ਼ਕਤੀ ਪ੍ਰਾਪਤ ਕਰਦੇ ਹਨ। ਪ੍ਰਭੂ ਭੋਜ ਇੱਕ ਯਾਦਗੀਰੀ ਹੈ, ਪਰ ਇਹ ਸਿਰਫ ਇੱਕ ਯਾਦਗੀਰੀ ਨਹੀਂ ਹੈ।

ਹਰ ਹਫਤੇ ਵਿਸ਼ਵਾਸੀਆਂ ਦਾ ਮਨ ਸਲੀਬ ਉੱਤੇ ਕੇਂਦਰਿਤ ਹੁੰਦਾ ਹੈ। ਦੋਹਾਂ ਆਇਤਾਂ ਵਿੱਚ ਵਰਤਮਾਨ ਕਾਲ ਮੁਕਤੀਦਾਤਾ ਦੀ ਮੌਤ ਦੀ ਨਿਰੰਤਰ ਯਾਦਗੀਰੀ ਅਤੇ ਸਾਂਝ ਦਾ ਸੁਝਾਉ ਦਿੰਦਾ ਹੈ। ਪੰਜਵੀਂ ਸਦੀ ਵਿੱਚ ਅਗਸਟਿਨ ਨੇ ਲਾਤੀਨੀ ਵਿੱਚ ਇੱਕ ਗੱਲ ਆਖੀ ਜਿਸ ਦਾ ਅਨੁਵਾਦ ਇਸ ਤਰ੍ਹਾਂ ਹੈ, "ਤੂੰ ਬਦਲ ਕੇ ਮੇਰੇ ਵਰਗਾ ਨਹੀਂ ਹੋਵੇਂਗਾ, ਪਰ ਮੈਂ ਬਦਲ ਕੇ ਤੇਰੇ ਵਰਗਾ ਹੋ ਜਾਵਾਂਗਾ।"[24] ਹਾਲਾਂਕਿ ਅਗਸਟਿਨ ਦੇ ਮਨ ਵਿੱਚ ਟ੍ਰਾਂਸਬਸਟੈਂਸਿਏਸ਼ਨ ਵਰਗੀ ਕੋਈ ਗੱਲ ਹੋ ਸਕਦੀ ਸੀ, ਪਰ ਉਹ ਆਪਣੀ ਇਸ ਮਾਨਤਾ ਵਿੱਚ ਸਹੀ ਸੀ ਕਿ ਪਰਮੇਸ਼ੁਰ ਪ੍ਰਭੂ ਭੋਜ ਦੇ ਵਸੀਲੇ ਕੰਮ ਕਰਦਾ ਹੈ ਅਤੇ ਵਿਸ਼ਵਾਸੀਆਂ ਨੂੰ ਮਸੀਹ ਵਰਗਾ ਬਣਨ ਦੀ ਸ਼ਕਤੀ ਦਿੰਦਾ ਹੈ। ਜਦ ਅਸੀਂ ਭੌਤਿਕ ਭੋਜਨ ਖਾਂਦੇ ਹਾਂ, ਤਾਂ ਇਹ ਸਾਡਾ ਪੋਸ਼ਣ ਕਰਦਾ ਹੈ ਅਤੇ ਸਾਨੂੰ ਬਦਲਦਾ ਹੈ; ਜਦ ਅਸੀਂ ਪ੍ਰਭੂ ਭੋਜ ਖਾਂਦੇ ਹਾਂ ਤਾਂ ਇੱਕ ਵੱਖਰੀ ਤਰ੍ਹਾਂ ਦਾ ਬਦਲਾਉ ਹੁੰਦਾ ਹੈ। ਰੋਟੀ ਅਤੇ ਪਿਆਲੇ ਵਿੱਚ ਸਾਂਝੀ ਹੋਣ ਦੁਆਰਾ ਮਸੀਹ ਦਾ ਭਗਤ ਮਸੀਹ ਵਿੱਚ ਸਾਂਝੀ ਹੁੰਦਾ ਹੈ ਅਤੇ ਜਿਸ ਹੱਦ ਤੱਕ ਉਸ ਦੀ ਨਿਹਚਾ ਕੰਮ ਕਰਦੀ ਹੈ ਉਸੇ ਹੱਦ ਤੱਕ ਉਹ ਯਿਸੂ ਵਰਗਾ ਬਣਦਾ ਜਾਂਦਾ ਹੈ।

ਜਦ ਪੌਲੁਸ ਨੇ ਪ੍ਰਭੂ ਭੋਜ ਦਾ ਹਵਾਲਾ ਦਿੰਦਿਆਂ **ਮੇਰੀ ਯਾਦਗੀਰੀ ਲਈ** ਸ਼ਬਦਾਂ ਦੀ ਵਰਤੋਂ ਕੀਤੀ ਤਾਂ ਇਸ ਦੇ ਦੋ ਸੰਭਵ ਅਰਥ ਸਮਝੇ ਜਾ ਸਕਦੇ ਹਨ। ਸ਼ਾਇਦ ਯਿਸੂ ਆਪਣੇ ਭਗਤਾਂ ਨੂੰ ਆਖ ਰਿਹਾ ਸੀ ਕਿ ਉਹ ਇਸ ਵਿੱਚ ਸਾਂਝੀ ਹੁੰਦਿਆਂ ਯਾਦ ਕਰਨ ਕਿ ਉਸ ਨੇ ਉਨ੍ਹਾਂ ਦੀ ਮੁਕਤੀ ਲਈ ਕੀ ਕੀਮਤ ਚੁਕਾਈ ਸੀ। ਜੇਕਰ ਅਜਿਹਾ ਹੈ ਤਾਂ ਯਾਦਗੀਰੀ ਦੇ ਨਾਲ ਸ਼ੁਕਰਗੁਜ਼ਾਰੀ ਜੁੜ ਜਾਵੇਗੀ। ਦੂਜੀ ਸੰਭਾਵਨਾ ਇਹ ਹੈ ਕਿ ਯਿਸੂ ਦਾ ਭਾਵ ਇਹ ਸੀ ਕਿ ਪ੍ਰਭੂ ਭੋਜ ਵਿੱਚ ਸ਼ਾਮਿਲ ਹੋਣ ਵਾਲੇ ਮਸੀਹੀ ਲੋਕ ਪਰਮੇਸ਼ੁਰ ਨੂੰ ਸਲੀਬ ਉੱਤੇ ਯਿਸੂ ਦੀ ਕੁਰਬਾਨੀ ਚੇਤੇ ਕਰਾ ਰਹੇ ਸਨ, ਉਸ ਨੂੰ ਸਲੀਬ ਦੀ "ਯਾਦਗੀਰੀ" ਦਿਵਾ ਰਹੇ ਸਨ ਤਾਂ ਜੋ ਉਹ ਉਨ੍ਹਾਂ ਦੀ ਦੋਸ਼-ਭਾਵਨਾ ਨੂੰ ਚੁੱਕ ਲਵੇ। ਸੰਦਰਭ ਸੁਝਾਉ ਦਿੰਦਾ ਹੈ ਕਿ ਜਿਸ ਭਾਵ ਨਾਲ ਕੁਰਿੰਥੁਸ ਦੇ ਮਸੀਹੀ ਪ੍ਰਭੂ ਭੋਜ ਲੈ ਰਹੇ ਸਨ ਉਸ ਉੱਤੇ ਪ੍ਰਸ਼ਨ ਉੱਠਦੇ ਹਨ। ਮਸੀਹੀ ਹੋਣ ਦੇ ਨਾਤੇ ਸਾਨੂੰ ਚੇਤੇ ਰੱਖਣਾ ਹੈ ਕਿ ਸਾਡੀ ਮੁਕਤੀ ਦੀ ਖਾਤਿਰ ਯਿਸੂ ਨੇ ਕੀ ਕੀਮਤ ਚੁਕਾਈ ਹੈ। ਹਰ ਹਫਤੇ ਸਾਨੂੰ ਸਲੀਬ ਨੂੰ ਚੇਤੇ ਕਰਨਾ ਹੈ।

ਯਿਸੂ ਦੇ ਲਹੂ ਦਾ ਵਹਾਇਆ ਜਾਣਾ ਉਹ ਵਸੀਲਾ ਸੀ ਜਿਸ ਦੇ ਜ਼ਰੀਏ ਪਰਮੇਸ਼ੁਰ ਨੇ ਆਪਣੇ ਲੋਕਾਂ ਦੇ ਨਾਲ **ਨਵਾਂ ਨੇਮ** ਸਥਾਪਿਤ ਕੀਤਾ। ਨਵਾਂ ਨੇਮ ਪੁਰਾਣੇ ਨੇਮ ਤੋਂ, ਜਿਸ ਨੂੰ ਪਰਮੇਸ਼ੁਰ ਨੇ ਮੂਸਾ ਦੇ ਰਾਹੀਂ ਇਸਰਾਏਲ ਦੇ ਨਾਲ ਸਥਾਪਿਤ ਕੀਤਾ ਸੀ, ਵੱਖਰਾ ਹੈ। ਮੱਤੀ 26:28 ਅਤੇ ਮਰਕੁਸ 14:24 ਵਿੱਚ ਪਿਆਲੇ ਨੂੰ "ਨੇਮ ਦਾ ਮੇਰਾ ਲਹੂ" ਆਖਿਆ ਗਿਆ ਹੈ। ਲੂਕਾ 22:20 ਆਖਦਾ ਹੈ, "ਇਹ ਪਿਆਲਾ ਮੇਰੇ ਲਹੂ ਵਿੱਚ ਜੋ ਤੁਹਾਡੇ ਲਈ ਵਹਾਇਆ ਜਾਂਦਾ ਹੈ ਨਵਾਂ ਨੇਮ ਹੈ।" ਪੌਲੁਸ ਦੇ ਸ਼ਬਦ ਲੂਕਾ ਦਿਆਂ ਸ਼ਬਦਾਂ ਨਾਲ ਮੇਲ ਖਾਂਦੇ ਹਨ, ਪਰ ਪਿਆਲਾ ਲਏ ਜਾਣ ਤੋਂ ਬਾਅਦ ਇਹ ਵਾਕ ਸਿਰਫ 1 ਕੁਰਿੰਥੀਆਂ ਵਿੱਚ ਹੀ ਲਿਖਿਆ ਹੈ, **ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ**। ਇੰਜੀਲ

ਦੇ ਪਹਿਲੇ ਤਿੰਨ ਵਿਰਤਾਂਤਾਂ ਵਿੱਚ ਇਹ ਸ਼ਬਦ ਪਿਆਲੇ ਤੋਂ ਬਾਅਦ ਨਹੀਂ ਸਗੋਂ ਰੋਟੀ ਤੋੜਨ ਤੋਂ ਬਾਅਦ ਆਖੇ ਗਏ ਸਨ।

ਜ਼ਖ਼ਮ ਵਿੱਚੋਂ ਵਗਣ ਵਾਲਾ ਲਹੂ ਇਹ ਜਬਰਦਸਤ ਤਸਵੀਰ ਪੇਸ਼ ਕਰਦਾ ਹੈ ਕਿ ਕਿਵੇਂ ਕੋਈ ਵਿਅਕਤੀ ਆਪਣੇ ਪਿਆਰਿਆਂ ਦੇ ਜੀਵਨ ਬਚਾਉਣ ਲਈ ਆਪਣੇ ਆਪ ਨੂੰ ਕੁਰਬਾਨ ਕਰ ਸਕਦਾ ਹੈ। ਵਹਾਏ ਗਏ ਲਹੂ ਦੀ ਪਵਿੱਤਰਤਾ ਪੁਰਾਣੇ ਨੇਮ ਵਿੱਚ ਡੂੰਘਿਆਈ ਨਾਲ ਵੇਖੀ ਜਾ ਸਕਦੀ ਹੈ। ਜਦ ਪਰਮੇਸ਼ੁਰ ਨੇ ਨੂਹ ਨਾਲ ਨੇਮ ਸਥਾਪਿਤ ਕੀਤਾ, ਉਸ ਨੇ ਹੁਕਮ ਦਿੱਤਾ, "ਪਰ ਮਾਸ ਉਸ ਦੀ ਜਾਣ ਸਣੇ ਅਰਥਾਤ ਲਹੂ ਸਣੇ ਤੁਸੀਂ ਨਾ ਖਾਇਓ" (ਉਤਪਤ 9:4)। ਜਦ ਮੂਸਾ ਨੇ "ਯਹੋਵਾਹ ਦੀਆਂ ਸਾਰੀਆਂ ਗੱਲਾਂ ਲਿਖੀਆਂ" (ਕੂਚ 24:4), ਤਦ ਉਸ ਨੇ ਬਲਦਾਂ ਦੀਆਂ ਬਲੀਆਂ ਚੜ੍ਹਾਉਣ ਦਾ ਹੁਕਮ ਦਿੱਤਾ। ਫਿਰ ਉਸ ਨੇ "ਨੇਮ ਦੀ ਪੋਥੀ ਲੈ ਕੇ ਲੋਕਾਂ ਦੇ ਕੰਨਾਂ ਵਿੱਚ ਪੜ੍ਹ ਕੇ ਸੁਣਾਈ" ਅਤੇ ਲਹੂ ਲੈ ਕੇ ਸਭਨਾਂ ਲੋਕਾਂ ਉੱਤੇ ਛਿੜਕਿਆ। ਉਸ ਵੇਲੇ ਉਸ ਦੁਆਰਾ ਬੋਲੇ ਗਏ ਸ਼ਬਦ ਇਹ ਸਨ, "ਵੇਖੋ ਏਹ ਲਹੂ ਉਸ ਨੇਮ ਦਾ ਹੈ ਜਿਹੜਾ ਯਹੋਵਾਹ ਨੇ . . . ਤੁਹਾਡੇ ਨਾਲ ਬੰਨ੍ਹਿਆ ਹੈ" (ਕੂਚ 24:7, 8)। ਇਬਰਾਨੀਆਂ ਦੀ ਪੁਸਤਕ ਦੇ ਲੇਖਕ ਨੇ ਇਸ ਨੂੰ ਇੱਕ ਸਿਧਾਂਤ ਵਜੋਂ ਲਿਖਿਆ ਕਿ ". . . ਬਿਨਾ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ" (ਇਬਰਾਨੀਆਂ 9:22)। ਯਿਸੂ ਦਾ ਵਹਾਇਆ ਗਿਆ ਲਹੂ ਉਸ ਦੇ ਪ੍ਰੇਮ ਦੀ ਸਾਖੀ ਹੋਣ ਦੇ ਨਾਲ-ਨਾਲ ਉਸ ਦੀ ਕੁਰਬਾਨੀ ਦੀ ਉੱਤਮਤਾ ਵੀ ਹੈ। ਮਸੀਹੀ ਲੋਕਾਂ ਦੇ ਵਿਚਕਾਰ ਇਹ ਮਾਫ਼ੀ, ਆਸ, ਸੰਗਤੀ, ਅਤੇ ਸ਼ਕਤੀ ਦਾ ਨਿਰੰਤਰ ਬਣਿਆ ਰਹਿਣ ਵਾਲਾ ਚਿੰਨ੍ਹ ਹੈ।

ਇਹ ਸਿਧਾਂਤ ਪੁਰਾਣੇ ਨੇਮ ਵਿੱਚ ਸਭ ਤੋਂ ਵਧੀਕ ਡੂੰਘਾ ਅਤੇ ਪ੍ਰੇਮ ਭਰਿਆ ਸਿਧਾਂਤ ਹੈ ਕਿ ਪਰਮੇਸ਼ੁਰ ਆਪਣੀ ਪਰਜਾ ਦੇ ਨਾਲ ਨੇਮ ਦਾ ਸੰਬੰਧ ਸਥਾਪਿਤ ਕਰਦਾ ਹੈ। ਇਬਰਾਨੀ ਸ਼ਬਦ בְּרִית (*ਬੇਰਿਥ*, "ਨੇਮ") ਸੁਝਾਉ ਦਿੰਦਾ ਹੈ ਕਿ ਦੋ ਜਾਂ ਵਧੀਕ ਦਲਾਂ ਵਿਚਕਾਰ ਇੱਕ ਸਹਿਮਤੀ ਸਥਾਪਿਤ ਹੋਈ ਹੈ, ਪਰ ਜ਼ਰੂਰੀ ਨਹੀਂ ਹੈ ਕਿ ਇਹ ਸਹਿਮਤੀ ਬਰਾਬਰ ਦੇ ਦਲਾਂ ਵਿਚਕਾਰ ਹੋਵੇ। LXX ਵਿੱਚ *ਬੇਰਿਥ* ਦਾ ਅਨੁਵਾਦ διαθήκη (*ਡਿਆਥੇਕੇ*, "ਨੇਮ") ਕੀਤਾ ਗਿਆ ਹੈ ਅਤੇ ਜਿੱਥੋਂ ਇਹ ਸ਼ਬਦ ਨਵੇਂ ਨੇਮ ਵਿੱਚ ਕਾਰਜਕਾਰੀ ਹੋ ਜਾਂਦਾ ਹੈ। ਪਰਮੇਸ਼ੁਰ ਨੇ ਨੂਹ ਦੇ ਨਾਲ (ਉਤਪਤ 9:9), ਅਬਰਾਹਾਮ ਦੇ ਨਾਲ (ਉਤਪਤ 15:18), ਇਸਰਾਏਲੀ ਪਰਜਾ ਦੇ ਨਾਲ (ਕੂਚ 34:27), ਅਤੇ ਦਾਊਦ ਦੇ ਨਾਲ (2 ਸਮੂਏਲ 23:5) ਨੇਮ ਸਥਾਪਿਤ ਕੀਤਾ ਸੀ। ਯਿਰਮਿਯਾਹ ਨਬੀ ਨੇ ਨਬੂਵਤ ਕੀਤੀ ਸੀ ਕਿ ਇੱਕ ਅਜਿਹਾ ਸਮਾਂ ਆਵੇਗਾ ਜਦ ਪਰਮੇਸ਼ੁਰ ਦੁਆਰਾ ਆਪਣੇ ਲੋਕਾਂ ਨਾਲ ਸਥਾਪਤ ਕੀਤੇ ਗਏ ਵੱਖਰੇ-ਵੱਖਰੇ ਨੇਮਾਂ ਦੀ ਥਾਂ ਇੱਕ "ਨਵਾਂ ਨੇਮ" ਲੈ ਲਵੇਗਾ, ਜਿਹੜਾ ਮਨੁੱਖੀ ਹਿਰਦਿਆਂ 'ਤੇ ਲਿਖਿਆ ਜਾਵੇਗਾ (ਯਿਰਮਿਯਾਹ 31:31-34; ਵੇਖੋ ਇਬਰਾਨੀਆਂ 8:7-13)। ਜਦ ਯਿਸੂ ਨੇ ਆਖਿਆ ਕਿ ਇਹ ਪਿਆਲਾ "ਮੇਰੇ ਲਹੂ ਵਿੱਚ ਨਵਾਂ ਨੇਮ ਹੈ," ਤਾਂ ਉਹ ਇਤਹਾਸ ਵਿੱਚ ਪਰਮੇਸ਼ੁਰ ਵੱਲੋਂ ਦਿੱਤੇ ਗਏ ਆਪਣੇ ਆਪ ਦੇ ਪਰਕਾਸ਼ ਦਾ ਹਵਾਲਾ ਦੇ ਰਿਹਾ ਸੀ। ਨਾਲ ਹੀ ਉਹ ਇਹ ਵੀ ਐਲਾਨ ਕਰ ਰਿਹਾ ਸੀ ਕਿ ਮਸੀਹੀ ਲੋਕ ਪਰਮੇਸ਼ੁਰ ਦੀ ਕਿਰਪਾ ਦੇ ਨਵੇਂ ਨੇਮ ਦੇ ਵਾਰਿਸ ਹਨ (2 ਕੁਰਿੰਥੀਆਂ 3:6)।

**ਆਇਤ 26.** ਪ੍ਰਭੂ ਭੋਜ ਅਤੀਤ ਦੀ ਯਾਦਗੀਰੀ ਅਤੇ ਵਿਸ਼ਵਾਸੀਆਂ ਦੇ ਨਾਲ ਸਾਂਝੀ ਸੰਗਤੀ ਹੋਣ ਦੇ ਨਾਲ-ਨਾਲ ਭਵਿੱਖ ਵਿੱਚ ਪ੍ਰਭੂ ਦੀ ਵਾਪਸੀ ਨੂੰ ਵੀ ਚੇਤੇ ਕਰਾਉਂਦਾ ਹੈ। ਪ੍ਰਭੂ ਭੋਜ ਦੇ ਵਸੀਲੇ ਮਸੀਹੀ ਲੋਕ **ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹਨ ਜਦ ਤੀਕਰ ਉਹ ਨਾ ਆਵੇ**। ਕੁਰਿੰਥੁਸ ਦੇ ਮਸੀਹੀ ਰੋਟੀ ਖਾਂਦੇ ਅਤੇ ਪਿਆਲੇ ਵਿੱਚੋਂ ਪੀਂਦੇ ਸਮੇਂ

ਸ਼ਾਇਦ ਸ਼ਾਬਦਿਕ ਤੌਰ ’ਤੇ ਇੱਕ ਦੂਜੇ ਨੂੰ ਬੋਲ ਕੇ ਚੇਤੇ ਕਰਾਉਂਦੇ ਹੋਣਗੇ ਕਿ ਪ੍ਰਭੂ ਦੀ ਮੌਤ ਉਨ੍ਹਾਂ ਦੇ ਲਈ ਹੋਈ ਸੀ ਅਤੇ ਉਹ ਦੁਬਾਰਾ ਵਾਪਿਸ ਆ ਰਿਹਾ ਹੈ; ਪਰ ਸ਼ਾਇਦ “ਪਰਚਾਰ” ਤੋਂ ਪੌਲੁਸ ਦਾ ਭਾਵ ਪ੍ਰਤੀਕਾਤਮਕ ਸੀ। ਅਰਥਾਤ, ਖਾਣ ਅਤੇ ਪੀਣ ਦੁਆਰਾ ਇਹ ਮਸੀਹੀ, ਜਿਵੇਂ ਕਿ ਅੱਜ ਵੀ ਪ੍ਰਭੂ ਭੋਜ ਲੈਣ ਵਾਲੇ ਸਾਰੇ ਲੋਕ ਕਰਦੇ ਹਨ, ਪ੍ਰਤੀਕਾਤਮਕ ਤੌਰ ’ਤੇ ਪ੍ਰਭੂ ਦੀ ਮੌਤ ਦੇ ਨਾਲ-ਨਾਲ ਆਪਣੀ ਇਸ ਨਿਹਚਾ ਦਾ ਐਲਾਨ ਵੀ ਕਰ ਰਹੇ ਸਨ ਕਿ ਮਸੀਹ ਵਾਪਿਸ ਆਉਣ ਵਾਲਾ ਹੈ।

### ਪ੍ਰਭੂ ਭੋਜ ਦੀ ਪਾਲਣਾ ਕਰਨਾ (11:27-34)

**27ਇਸ ਕਰਕੇ ਜੋ ਕੋਈ ਅਜੋਗਤਾ ਨਾਲ ਇਹ ਰੋਟੀ ਖਾਵੇ ਅਥਵਾ ਪ੍ਰਭੂ ਦਾ ਪਿਆਲਾ
ਪੀਵੇ ਸੋ ਪ੍ਰਭੂ ਦੇ ਸਰੀਰ ਅਤੇ ਲਹੂ ਦਾ ਦੋਸ਼ੀ ਹੋਵੇਗਾ। 28ਪਰ ਮਨੁੱਖ ਆਪਣੇ ਆਪ ਨੂੰ
ਪਰਖੇ ਅਤੇ ਇਉਂ ਇਸ ਰੋਟੀ ਵਿੱਚੋਂ ਖਾਵੇ ਅਤੇ ਪਿਆਲੇ ਵਿੱਚੋਂ ਪੀਵੇ। 29ਜਿਹੜਾ ਖਾਂਦਾ
ਅਤੇ ਪੀਂਦਾ ਹੈ ਜੇ ਉਹ ਸਰੀਰ ਦੀ ਜਾਚ ਨਾ ਕਰੇ ਤਾਂ ਆਪਣੇ ਉੱਤੇ ਡੰਨ ਲਾ ਕੇ ਖਾਂਦਾ
ਪੀਂਦਾ ਹੈ। 30ਇਸੇ ਕਾਰਨ ਬਾਹਲੇ ਤੁਹਾਡੇ ਵਿੱਚ ਨਿਤਾਣੇ ਅਤੇ ਰੋਗੀ ਹਨ ਅਤੇ ਕਈਕੁ
ਸੁੱਤੇ ਪਏ ਹਨ। 31ਪਰ ਜੇ ਅਸੀਂ ਆਪਣੇ ਆਪ ਨੂੰ ਜਾਚਦੇ ਤਾਂ ਜਾਚੇ ਨਾ ਜਾਂਦੇ। 32ਪਰ ਜਾਂ
ਜਾਚੇ ਜਾਂਦੇ ਹਾਂ ਤਾਂ ਪ੍ਰਭੂ ਤੋਂ ਤਾੜੇ ਜਾਂਦੇ ਹਾਂ ਤਾਂ ਜੋ ਅਸੀਂ ਸੰਸਾਰ ਨਾਲ ਦੋਸ਼ੀ ਨਾ
ਠਹਿਰਾਏ ਜਾਈਏ। 33ਸੋ ਹੇ ਮੇਰੇ ਭਰਾਵੋ, ਜਾਂ ਤੁਸੀਂ ਖਾਣ ਲਈ ਇਕੱਠੇ ਹੋਵੋ ਤਾਂ ਇੱਕ ਦੂਏ
ਦੀ ਉਡੀਕ ਕਰੋ। 34ਜੇ ਕਿਸੇ ਨੂੰ ਭੁੱਖ ਲੱਗੇ ਤਾਂ ਆਪਣੇ ਘਰ ਵਿੱਚ ਖਾਵੇ ਭਈ ਤੁਹਾਡੇ
ਇਕੱਠੇ ਹੋਣ ਤੋਂ ਤੁਹਾਨੂੰ ਡੰਨ ਨਾ ਲੱਗੇ ਅਤੇ ਰਹਿੰਦੀਆਂ ਗੱਲਾਂ ਨੂੰ ਜਦ ਮੈਂ ਆਵਾਂਗਾ ਤਦ
ਸੁਧਾਰਾਂਗਾ।**

**ਆਇਤ 27.** ਮਸੀਹੀ ਲੋਕ ਲੰਮੇ ਸਮੇਂ ਤੋਂ ਇਸ ਆਇਤ ਨੂੰ ਲੈ ਕੇ ਉਲਝਣ ਵਿੱਚ ਰਹੇ ਹਨ। ਕੁਝ ਲੋਕ ਡਰਦੇ ਹਨ ਕਿ ਕਿਤੇ ਉਹ ਪ੍ਰਭੂ ਭੋਜ ਨੂੰ **ਅਜੋਗਤਾ ਨਾਲ** ਨਾ ਲੈ ਲੈਣ। ਆਪਣੇ ਪਾਪਾਂ ਨੂੰ ਚੇਤੇ ਕਰਦਿਆਂ ਕੁਝ ਲੋਕਾਂ ਨੇ ਝਿਝਕਦੇ ਹੋਏ ਰੋਟੀ ਤੋੜੀ ਹੈ ਜਾਂ ਫਿਰ ਕਈ ਵਾਰੀ ਤਾਂ ਪ੍ਰਭੂ ਭੋਜ ਲੈਣ ਤੋਂ ਮਨ੍ਹਾ ਵੀ ਕਰ ਦਿੱਤਾ ਹੈ।

ਪ੍ਰਭੂ ਭੋਜ ਨੂੰ ਅਜੋਗਤਾ ਨਾਲ ਲੈਣ ਦਾ ਅਰਥ ਤੋਬਾ ਨਾ ਕੀਤੇ ਹੋਏ ਪਾਪ ਦੇ ਨਾਲ ਪ੍ਰਭੂ ਭੋਜ ਲੈਣਾ ਸਮਝਿਆ ਜਾਂਦਾ ਰਿਹਾ ਹੈ। ਕਈ ਮਸੀਹੀਆਂ ਦੇ ਅਜਿਹੇ ਪਾਪ ਹੁੰਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਪੂਰੀ ਤਰ੍ਹਾਂ ਤਿਆਗਿਆ ਨਹੀਂ ਹੁੰਦਾ (ਵੇਖੋ ਕੁਲੁੱਸੀਆਂ 3:8)। ਇਸ ਤੋਂ ਇਲਾਵਾ ਕੁਝ ਲੋਕ ਤਾਂ ਪ੍ਰਭੂ ਭੋਜ ਲੈਂਦਿਆਂ ਵੀ ਆਪਣੇ ਮਨ ਨੂੰ ਇੱਧਰ-ਉੱਧਰ ਭਟਕਣ ਤੋਂ ਨਹੀਂ ਰੋਕ ਪਾਉਂਦੇ। ਇਸ ਤਰ੍ਹਾਂ ਤਾਂ ਕੋਈ ਵੀ ਵਿਅਕਤੀ ਪ੍ਰਭੂ ਭੋਜ ਲੈਣ ਦੇ ਜੋਗ ਨਹੀਂ ਹੈ। ਜੇਕਰ ਪੌਲੁਸ ਮਸੀਹੀਆਂ ਨੂੰ ਪੂਰਣ ਤੌਰ ’ਤੇ ਜੋਗ ਬਣਨ ਬਾਰੇ ਆਖ ਰਿਹਾ ਸੀ ਤਾਂ ਕੋਈ ਵੀ ਮਸੀਹੀ ਰੋਟੀ ਤੋੜਣ ਜਾਂ ਪਿਆਲੇ ਵਿੱਚੋਂ ਪੀਣ ਦੀ ਹਿੰਮਤ ਨਹੀਂ ਕਰੇਗਾ।

ਅਜਿਹਾ ਪ੍ਰਤੀਤ ਹੁੰਦਾ ਕਿ ਇਸ ਆਇਤ ਨੂੰ ਬਿਹਤਰ ਰੀਤੀ ਨਾਲ ਇਹ ਆਖ ਕੇ ਸਮਝਿਆ ਜਾ ਸਕਦਾ ਹੈ ਕਿ **ਪ੍ਰਭੂ ਦਾ ਸਰੀਰ ਅਤੇ ਲਹੂ** ਸਲੀਬ ਉੱਤੇ ਲਟਕੀ ਉਸ ਦੇ ਭੌਤਿਕ ਸਰੀਰ ਵੱਲ ਵੀ ਸੰਕੇਤ ਕਰ ਸਕਦਾ ਹੈ ਜਾਂ ਫਿਰ ਮਸੀਹ ਦੇ ਸਰੀਰ ਕਲੀਸਿਆ ਵੱਲ ਵੀ। ਇਹ ਆਖਣਾ ਅਸਾਧਾਰਨ ਹੈ ਕਿ ਕਲੀਸਿਆ ਨੂੰ ਸਿਰਫ ਮਸੀਹ ਦਾ ਸਰੀਰ ਨਾ ਆਖ ਕੇ “ਪ੍ਰਭੂ ਦਾ ਸਰੀਰ ਅਤੇ ਲਹੂ” ਆਖਿਆ ਜਾਵੇ। ਫੋਟਕਾਂ ਪਾਉਣ ਵਾਲੇ ਕੁਪੰਥਾਂ ਵਿਚਕਾਰ

ਪ੍ਰਭੂ ਭੋਜ ਬਾਰੇ ਕੀਤੀ ਗਈ ਚਰਚਾ (11:18) ਸ਼ਾਇਦ ਉਹ ਕਾਰਨ ਹੈ ਕਿ ਪੌਲੁਸ ਨੇ ਇਸ ਉਪਵਾਕ ਦੀ ਵਰਤੋਂ ਕੀਤੀ ਸੀ। ਰਸੂਲ ਪੌਲੁਸ ਨੇ ਪ੍ਰਭੂ ਭੋਜ ਦੀ ਸਥਾਪਨਾ ਦੀ ਗੱਲ ਇਸ ਕਰਕੇ ਕੀਤੀ ਸੀ ਕਿਉਂਕਿ ਇਹ ਪ੍ਰਭੂ ਅਤੇ ਉਸ ਦੇ ਲੋਕਾਂ ਦੀ ਆਪਸੀ ਏਕਤਾ ਦਾ ਐਲਾਨ ਕਰਦਾ ਹੈ। ਉਹ ਕੁਰਿੰਥੁਸ ਦੇ ਮਸੀਹੀਆਂ ਦੀ ਬੇਹੂਦਗੀ ਉਨ੍ਹਾਂ ਦੇ ਸਾਹਮਣੇ ਲਿਆਉਣਾ ਚਾਹੁੰਦਾ ਸੀ ਕਿ ਇੱਕ ਪਾਸੇ ਤਾਂ ਉਹ ਰੋਟੀ ਤੋੜ ਕੇ ਆਪਣੀ ਏਕਤਾ ਦਾ ਐਲਾਨ ਕਰ ਰਹੇ ਸਨ, ਅਤੇ ਫਿਰ ਨਾਲ ਹੀ ਪ੍ਰੇਮ ਭੋਜਨ ਕਰਦਿਆਂ ਆਪਣੇ ਆਪ ਨੂੰ ਸਮਾਜਕ ਅਤੇ ਆਰਥਿਕ ਵਰਗਾਂ ਵਿੱਚ ਵੰਡ ਰਹੇ ਸਨ (11:20, 21)।

ਪ੍ਰਭੂ ਭੋਜ ਦੇ ਸਾਰ ਨੂੰ ਰੱਦਦੇ ਹੋਏ ਪ੍ਰਭੂ ਭੋਜ ਲੈਣਾ ਹੀ ਅਸਲ ਵਿੱਚ ਇਸ ਨੂੰ "ਅਜੋਗਤਾ ਨਾਲ" ਲੈਣਾ ਸੀ। ਜਦ ਮਸੀਹੀ ਲੋਕ ਆਪਣੇ ਸੁਆਰਥ ਦੇ ਕਾਰਨ ਮਸੀਹ ਦੀ ਦੇਹੀ ਵਿੱਚ ਫੁੱਟ ਪਾ ਦਿੰਦੇ ਹਨ, ਦੂਜਿਆਂ ਦਾ ਜ਼ਰਾ ਵੀ ਖਿਆਲ ਨਹੀਂ ਰੱਖਦੇ, ਤਦ ਉਹ ਪ੍ਰਭੂ ਭੋਜ ਨੂੰ ਅਜੋਗਤਾ ਨਾਲ ਲੈਂਦੇ ਹਨ। "ਅਜੋਗਤਾ" ਜਿਵੇਂ ਕਿ KJV ਵਿੱਚ ਲਿਖਿਆ ਗਿਆ ਹੈ, ਮਸੀਹੀ ਵਿਅਕਤੀ ਦੀ ਪਾਪਾਂ ਦੀ ਮਾਫ਼ੀ ਬਾਰੇ ਕੋਈ ਗੱਲ ਨਹੀਂ ਕਰਦੀ, ਸਗੋਂ ਕੁਰਿੰਥੁਸ ਵਿੱਚ ਪ੍ਰਭੂ ਭੋਜ ਲੈ ਰਹੇ ਲੋਕਾਂ ਦੇ ਵਿਹਾਰ ਦੀ ਗੱਲ ਕਰਦੀ ਹੈ। ਕੁਰਿੰਥੁਸ ਦੇ ਮਸੀਹੀ ਪਹਿਲਾਂ ਤਾਂ ਰੋਟੀ ਤੋੜਦਿਆਂ ਅਤੇ ਪਿਆਲੇ ਵਿੱਚੋਂ ਪੀਂਦਿਆਂ ਮਸੀਹ ਦੇ ਸਰੀਰ ਦੀ ਏਕਤਾ ਦਾ ਐਲਾਨ ਕਰ ਰਹੇ ਸਨ, ਪਰ ਫਿਰ ਆਪਣੇ ਆਪ ਨੂੰ ਅਜਿਹੇ ਸਮੂਹਾਂ ਵਿੱਚ ਵੰਡ ਰਹੇ ਸਨ, ਜਿੱਥੇ ਇੱਕ ਪਾਸੇ ਤਾਂ ਲੋੜ ਨਾਲੋਂ ਵਧੇਰੇ ਰਜੇਵਾਂ ਸੀ ਅਤੇ ਦੂਜੇ ਪਾਸੇ ਭੁੱਖ ਸੀ। ਮੰਡਲੀ ਵਿਚਲੀ ਫੁੱਟ ਹੀ ਮੈਂਬਰਾਂ ਨੂੰ "ਪ੍ਰਭੂ ਦੇ ਸਰੀਰ ਅਤੇ ਲਹੂ" **ਦਾ ਦੋਸ਼ੀ** ਠਹਿਰਾ ਰਹੀ ਸੀ। ਗੋਰਡਨ ਡੀ. ਫੀ ਨੇ ਇਸ ਮਸਲੇ ਬਾਰੇ ਇਹ ਆਖਿਆ:

> ਇਹ ਤਾਂ ਨਿਸ਼ਚਿਤ ਜਾਪਦਾ ਹੈ ਕਿ ਉਨ੍ਹਾਂ ਦੇ ਭੋਜਨ ਵਿੱਚ ਸੰਤੋਖ ਦੀ ਘਾਟ ਸੀ . . . , ਸ਼ਾਇਦ ਇਸ ਕਰਕੇ ਨਹੀਂ ਕਿ ਉਹ ਜੋਗ ਤਰੀਕੇ ਨਾਲ "ਮਸੀਹ ਬਾਰੇ ਨਹੀਂ ਸੋਚ ਰਹੇ ਸਨ," ਜਾਂ ਉਸ ਦੇ ਨਾਲ ਉਨ੍ਹਾਂ ਦਾ ਸੰਬੰਧ ਸਹੀ ਨਹੀਂ ਸੀ, ਪਰ ਇੱਕ ਦੂਜੇ ਨਾਲ ਦੁਰਵਿਹਾਰ ਕਰਨ ਦੁਆਰਾ ਉਹ ਉਸ ਦੀ ਮੌਤ ਦੇ ਮੁੱਖ ਉਦੇਸ਼ ਦੀ ਨਿਖੇਧੀ ਕਰ ਰਹੇ ਸਨ . . .[25]

**ਆਇਤ 28.** ਇੱਕ ਵਿਅਕਤੀ ਆਪਣੇ ਤਰਸ ਬਾਰੇ ਸੋਚਦਿਆਂ, ਆਪਣੇ ਪਰਿਵਾਰ ਦੇ ਨਾਲ ਆਪਣੇ ਵਿਹਾਰ ਬਾਰੇ ਸੋਚਦਿਆਂ, ਜਾਂ ਉਸ ਦੀ ਸ਼ਖਸੀਅਤ ਦੀ ਉਸਾਰੀ ਕਰਨ ਵਾਲੀ ਕਿਸੇ ਵੀ ਗੱਲ ਬਾਰੇ ਸੋਚਦਿਆਂ ਆਪਣੇ ਆਪ ਨੂੰ ਜਾਂਚ ਕੇ ਲਾਭ ਪ੍ਰਾਪਤ ਕਰ ਸਕਦਾ ਹੈ। ਹਰੇਕ ਵਿਅਕਤੀ ਨੂੰ ਮਸੀਹ ਦੇ ਪ੍ਰਤੀ ਆਪਣੀ ਵਫਾਦਾਰੀ ਦੀ ਜਾਂਚ ਕਰਨੀ ਚਾਹੀਦੀ ਹੈ। ਅਜਿਹੀ ਮਾਨਸਿਕਤਾ ਪ੍ਰਭੂ ਭੋਜ ਵਿੱਚ ਸ਼ਾਮਿਲ ਹੋਣ ਲਈ ਢੁਕਵੀਂ ਹੈ। ਕੁਰਿੰਥੁਸ ਦੀ ਕਲੀਸਿਆ ਦੇ ਲਈ ਆਪਣੇ ਆਪ ਦੀ ਜਾਂਚ ਕਰਨ ਦਾ ਅਰਥ ਇਹ ਵਿਚਾਰ ਕਰਨਾ ਸੀ ਕਿ "ਪ੍ਰਭੂ ਦੇ ਸਰੀਰ ਅਤੇ ਲਹੂ" ਦੇ ਪ੍ਰਭੂ ਭੋਜ ਲਈ ਜਾਂ ਕਲੀਸਿਆ ਵਿਚਲੀ ਏਕਤਾ ਲਈ ਕੀ ਮਾਇਨੇ ਸਨ।

ਪੌਲੁਸ ਨੇ ਕੁਰਿੰਥੁਸ ਦੇ ਮਸੀਹੀਆਂ ਨੂੰ ਆਖਿਆ ਕਿ ਉਹ ਆਪਣੇ ਵਿਹਾਰ ਨੂੰ ਜਾਂਚਣ: **ਪਰ ਮਨੁੱਖ ਆਪਣੇ ਆਪ ਨੂੰ ਪਰਖੇ।** ਇਹ ਸੱਦਾ ਇਸ ਲਈ ਨਹੀਂ ਦਿੱਤਾ ਗਿਆ ਹੈ ਕਿ ਜੇਕਰ ਕਿਸੇ ਮਸੀਹੀ ਨੇ ਪਿਛਲੇ ਹਫਤੇ ਵਿੱਚ ਕੋਈ ਪਾਪ ਕੀਤਾ ਹੈ ਤਾਂ ਉਹ ਪ੍ਰਭੂ ਭੋਜ ਨੂੰ ਠੁਕਰਾ ਦੇਵੇ। ਜੇਕਰ ਅਜਿਹਾ ਹੁੰਦਾ ਤਾਂ ਫਿਰ ਕੋਈ ਵੀ ਵਿਅਕਤੀ ਰੋਟੀ ਤੋੜਣ ਅਤੇ ਪਿਆਲੇ

ਵਿੱਚੋਂ ਪੀਣ ਦੇ ਲਾਇਕ ਨਹੀਂ ਹੋ ਸਕਦਾ ਸੀ। ਸਭਨਾਂ ਨੇ ਪਾਪ ਕੀਤਾ ਹੈ (ਰੋਮੀਆਂ 3:23); ਸਭ ਲੋਕ ਰੋਜ਼ਾਨਾ ਪਾਪ ਕਰਦੇ ਹਨ। ਅਤੇ ਨਾ ਹੀ ਪੌਲੁਸ ਦਾ ਕਹਿਣ ਦਾ ਭਾਵ ਇਹ ਸੀ ਕਿ ਜੇਕਰ ਕੋਈ ਵਿਅਕਤੀ ਰੋਟੀ ਅਤੇ ਪਿਆਲਾ ਵਰਤਾਏ ਜਾਂਦੇ ਸਮੇਂ ਮਸੀਹ ਦੀ ਮੌਤ ਉੱਤੇ ਧਿਆਨ ਨਹੀਂ ਲਗਾ ਸਕਦਾ ਤਾਂ ਉਸ ਨੂੰ ਪ੍ਰਭੂ ਭੋਜ ਨਹੀਂ ਲੈਣਾ ਚਾਹੀਦਾ। "ਅਜੋਗਤਾ ਨਾਲ" (11:27) ਖਾਣ-ਪੀਣ ਵਿੱਚ ਇਨ੍ਹਾਂ ਵਿੱਚੋਂ ਕੋਈ ਵੀ ਗੱਲ ਸ਼ਾਮਿਲ ਨਹੀਂ ਹੈ। ਸੰਦਰਭ ਵਿੱਚ ਪੌਲੁਸ ਬੇਨਤੀ ਕਰ ਰਿਹਾ ਸੀ ਕਿ ਪ੍ਰਭੂ ਭੋਜ ਜਿਸ ਏਕਤਾ ਦਾ ਪ੍ਰਤੀਕ ਹੈ ਉਸ ਏਕਤਾ ਨੂੰ ਵਿਹਾਰਕ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ। ਹਾਂ, ਇਹ ਸੱਚ ਹੈ ਕਿ ਮਸੀਹੀ ਲੋਕਾਂ ਨੂੰ ਆਪਣੇ ਪਾਪੀ ਸੁਭਾਉ ਦੀ ਜਾਂਚ ਕਰਨ ਅਤੇ ਉਸ ਨੂੰ ਛੱਡ ਦੇਣ ਦੀ ਲੋੜ ਹੈ; ਪਰ ਇਹ ਪ੍ਰਭੂ ਭੋਜ ਲੈਣ ਵੇਲੇ ਜਿੰਨਾ ਕੀਤਾ ਜਾਣਾ ਚਾਹੀਦਾ ਹੈ ਓਨਾ ਹੀ ਹਰ ਵੇਲੇ ਵੀ ਕੀਤਾ ਜਾਣਾ ਚਾਹੀਦਾ ਹੈ। ਪ੍ਰਭੂ ਭੋਜ ਲੈਂਦਿਆਂ ਪ੍ਰਭੂ ਦੇ ਸਰੀਰ ਦੇ ਹਰੇਕ ਮੈਂਬਰ ਨੂੰ ਸਲੀਬ ਨੂੰ ਅਤੇ ਉਸ ਦੇ ਪਾਪਾਂ ਲਈ ਚੁਕਾਈ ਗਈ ਕੀਮਤ ਨੂੰ ਚੇਤੇ ਕਰਨ ਦੀ ਲੋੜ ਹੈ। ਇਹ ਸਭ ਸਹੀ ਹੈ, ਪਰ ਕੁਰਿੰਥੁਸ ਦੀ ਕਲੀਸਿਆ ਦੀ ਗਲਤੀ ਦਾ ਸੰਬੰਧ ਏਕਤਾ ਨਾਲ ਸੀ। ਮਸੀਹੀ ਲੋਕ ਪ੍ਰਭੂ ਭੋਜ ਲੈ ਰਹੇ ਸਨ ਅਤੇ ਮਸੀਹ ਦੀ ਦੇਹੀ ਦੀ ਏਕਤਾ ਦਾ ਐਲਾਨ ਕਰ ਰਹੇ ਸਨ, ਪਰ ਅਸਲ ਵਿੱਚ ਉਹ ਫੋਟਕਾਂ ਨੂੰ ਵਧਾ ਰਹੇ ਸਨ। ਉਨ੍ਹਾਂ ਦੀਆਂ ਫੋਟਕਾਂ ਦੇ ਕਾਰਨ ਉਹ ਪ੍ਰਭੂ ਭੋਜ ਨੂੰ ਅਜੋਗਤਾ ਨਾਲ ਲੈ ਰਹੇ ਸਨ। ਇਨ੍ਹਾਂ ਭਾਈਆਂ ਨੂੰ ਇਹ ਵੇਖਣ ਦੀ ਲੋੜ ਸੀ ਕਿ ਸਮਾਜਕ ਸਭਾਵਾਂ ਵਿੱਚ ਉਨ੍ਹਾਂ ਦੇ ਇਕੱਠੇ ਹੋਣ ਵੇਲੇ ਕੀ ਹੋ ਰਿਹਾ ਸੀ, ਅਤੇ ਅਮੀਰ ਮੈਂਬਰ ਕਿਸ ਗੱਲ ਨੂੰ ਵਧਾ ਰਹੇ ਸਨ। ਪੌਲੁਸ ਉਮੀਦ ਕਰ ਰਿਹਾ ਸੀ ਕਿ ਅਜਿਹੀ ਪ੍ਰਥਾ ਦੀ ਜਾਂਚ ਕਰਕੇ ਇਸ ਉੱਤੇ ਰੋਕ ਲਗਾਈ ਜਾਵੇਗੀ। ਜਦ ਪ੍ਰੇਮ ਭੋਜਨਾਂ ਵਿੱਚ ਸਾਂਝੇ ਮੇਜ਼ ਵਿੱਚ ਸ਼ਾਮਿਲ ਹੋ ਕੇ ਮਸੀਹ ਦੀ ਦੇਹੀ ਦੀ ਏਕਤਾ ਦਾ ਸਹੀ ਐਲਾਨ ਕੀਤਾ ਜਾਵੇਗਾ, ਤਦ ਪ੍ਰਭੂ ਭੋਜ ਅਤੇ ਉਸ ਤੋਂ ਬਾਅਦ ਹੋਣ ਵਾਲੇ ਭੋਜਨ ਵਿੱਚੋਂ ਵੀ ਇਹੋ ਸੁਨੇਹਾ ਆਵੇਗਾ।

ਪ੍ਰਭੂ ਭੋਜ ਵਿੱਚ ਪ੍ਰਤੀਕਾਤਮਕ ਤੌਰ 'ਤੇ ਦਰਸਾਈ ਗਈ ਏਕਤਾ ਨੂੰ ਰੱਦਦਿਆਂ ਪ੍ਰਭੂ ਭੋਜ ਵਿੱਚ ਸ਼ਾਮਲ ਹੋ ਕੇ ਮਸੀਹੀ ਵਿਅਕਤੀ ਖਾਣ ਅਤੇ ਪੀਣ ਦੁਆਰਾ ਆਪਣੇ ਉੱਤੇ ਡੰਨ ਲਿਆਉਂਦਾ ਹੈ। ਜਦਕਿ ਇੱਕ ਪਾਸੇ ਕੁਰਿੰਥੁਸ ਦੀ ਕਲੀਸਿਆ ਵਾਂਗ ਪ੍ਰਭੂ ਭੋਜ ਦੇ ਅਰਥ ਨੂੰ ਰੱਦਣਾ ਸੰਭਵ ਹੈ, ਤਾਂ ਇਹੋ ਅਪਰਾਧ ਦੂਜੀ ਤਰ੍ਹਾਂ ਕੀਤਾ ਜਾਣਾ ਵੀ ਸੰਭਵ ਹੈ। ਕਿਸੇ ਵੀ ਮਸੀਹੀ ਨੈਤਿਕ ਸਿਧਾਂਤ ਦੀ ਸਿੱਧੀ ਨਿਖੇਧੀ ਦੇ ਇਹੋ ਪ੍ਰਭਾਵ ਨਿਕਲਣਗੇ।

**ਆਇਤ 29. ਜਿਹੜਾ ਖਾਂਦਾ ਅਤੇ ਪੀਂਦਾ ਹੈ** ਉਸ ਦੇ ਲਈ ਮਸੀਹ ਦਾ ਉਦੇਸ਼ ਇਹ ਹੈ ਕਿ ਉਹ ਪ੍ਰਭੂ ਭੋਜ ਵਿੱਚ ਯਾਦਗੀਰੀ, ਮਸੀਹੀ ਅਤੇ ਸੰਗੀ ਵਿਸ਼ਵਾਸੀਆਂ ਨਾਲ ਸੰਗਤੀ, ਅਤੇ ਸਦੀਪਕ ਜੀਵਨ ਦੀ ਭਰੋਸੇਮੰਦ ਉਮੀਦ ਦੀ ਭਾਲ ਕਰੇ। ਰੋਟੀ ਤੋੜਦਿਆਂ ਅਤੇ ਪਿਆਲੇ ਵਿੱਚੋਂ ਪੀਂਦਿਆਂ **ਸਰੀਰ ਦੀ ਜਾਚ ਨਾ** ਕਰਨਾ ਪ੍ਰਭੂ ਦਾ **ਡੰਨ** (κρίμα, *ਕ੍ਰਿਮਾ*), ਅਰਥਾਤ ਸਜ਼ਾ ਲੈ ਕੇ ਆਉਂਦਾ ਹੈ।

"ਸਰੀਰ" ਤੋਂ ਪੌਲੁਸ ਦਾ ਕੀ ਭਾਵ ਸੀ? ਕਈ ਪਾਠਕ ਪੌਲੁਸ ਦੁਆਰਾ ਦਿੱਤੇ ਜਾ ਰਹੇ ਪ੍ਰਭੂ ਭੋਜ ਦੇ ਵੇਰਵੇ ਉੱਤੇ ਕੇਂਦਰਿਤ ਹੋ ਜਾਂਦੇ ਹਨ ਪਰ ਇਸ ਵੇਰਵੇ ਦਾ ਵਸੀਲਾ ਬਣੇ ਹਾਲਾਤਾਂ ਨੂੰ ਅਣਦੇਖਾ ਕਰ ਦਿੰਦੇ ਹਨ। ਵਿਸਤ੍ਰਿਤ ਸੰਦਰਭ "ਸਰੀਰ" ਦੀ ਪਰਿਭਾਸ਼ਾ ਉਪਲਬਧ ਕਰਾਉਂਦਾ ਹੈ।

ਇਸ ਆਇਤ ਵਿੱਚ ਦਿੱਤੇ ਗਏ "ਸਰੀਰ" ਨੂੰ ਅਕਸਰ ਮਸੀਹ ਦਾ ਉਹ ਸਰੀਰ ਸਮਝ ਲਿਆ ਜਾਂਦਾ ਹੈ ਜੋ ਸਲੀਬ ਦਿੱਤਾ ਗਿਆ ਸੀ। 11:27 ਵਿੱਚ ਪੌਲੁਸ ਦੁਆਰਾ "ਅਜੋਗਤਾ

ਨਾਲ” ਰੋਟੀ ਖਾਣ ਅਤੇ ਪਿਆਲੇ ਵਿੱਚੋਂ ਪੀਣ ਬਾਰੇ ਦਿੱਤੀ ਗਈ ਸਿੱਖਿਆ ਕਰਕੇ ਮਸੀਹੀ ਲੋਕਾਂ ਨੇ ਇਹ ਸਿੱਟਾ ਕੱਢ ਲਿਆ ਹੈ ਕਿ ਪ੍ਰਭੂ ਦੁਆਰਾ ਚੁਕਾਈ ਗਈ ਕੀਮਤ ਉੱਤੇ, ਸਲੀਬ ’ਤੇ ਲਟਕੇ ਉਸ ਦੇ ਸਰੀਰ ਉੱਤੇ ਧਿਆਨ ਨਾ ਲਗਾਉਣਾ ਹੀ ਅਸਲ ਵਿੱਚ ਅਜੋਗਤਾ ਨਾਲ ਖਾਣਾ ਅਤੇ ਪੀਣਾ ਹੈ, ਜੋ ਉਨ੍ਹਾਂ ਉੱਤੇ ਸਜ਼ਾ ਲਿਆਉਂਦਾ ਹੈ। KJV ਨੇ ਬਾਅਦ ਦੀਆਂ ਅਤੇ ਚੰਗੀ ਤਰ੍ਹਾਂ ਤਸਦੀਕ ਨਾ ਕੀਤੀਆਂ ਗਈਆਂ ਯੂਨਾਨੀ ਹਸਤਲਿਪੀਆਂ ਵਿੱਚੋਂ ਇਹ ਅਨੁਵਾਦ ਪੇਸ਼ ਕਰਕੇ ਇਸ ਉਲਝਣ ਨੂੰ ਵਧਾ ਦਿੱਤਾ ਹੈ: “ਕਿਉਂਕਿ ਜਿਹੜਾ *ਅਜੋਗਤਾ ਨਾਲ* ਖਾਂਦਾ ਅਤੇ ਪੀਂਦਾ ਹੈ, ਜੇ ਉਹ *ਪ੍ਰਭੂ ਦੇ* ਸਰੀਰ ਦੀ ਜਾਂਚ ਨਾ ਕਰੇ ਤਾਂ ਖਾ ਕੇ ਅਤੇ ਪੀ ਕੇ ਆਪਣੇ ਉੱਤੇ ਸਜ਼ਾ ਲਿਆਉਂਦਾ ਹੈ।” (ਜ਼ੋਰ ਦਿੱਤਾ ਗਿਆ ਹੈ।) ਪਹਿਲਾਂ ਦੀਆਂ ਅਤੇ ਉੱਤਮ ਹਸਤਲਿਖਤਾਂ ਵਿੱਚ 11:29 ਵਿੱਚ “ਅਜੋਗਤਾ ਨਾਲ” ਨੂੰ ਦੁਹਰਾਇਆ ਨਹੀਂ ਗਿਆ ਹੈ, ਅਤੇ ਉਨ੍ਹਾਂ ਵਿੱਚ *ਪ੍ਰਭੂ ਦੇ* ਵੀ ਨਹੀਂ ਹੈ। ਪੌਲੁਸ ਉਨ੍ਹਾਂ ਉੱਤੇ ਸਜ਼ਾ ਦੀ ਚਿਤਾਉਣੀ ਦੇ ਰਿਹਾ ਸੀ ਜੋ ਖਾ ਅਤੇ ਪੀ ਰਹੇ ਸਨ ਪਰ “ਸਰੀਰ ਦੀ ਜਾਚ” ਨਹੀਂ ਕਰ ਰਹੇ ਸਨ।

“ਸਰੀਰ” ਉਹ ਰੂਪਕ ਹੈ ਜਿਸ ਦੀ ਵਰਤੋਂ ਪੌਲੁਸ ਨੇ ਕਲੀਸਿਆ ਦੇ ਲਈ ਕੀਤੀ ਹੈ। ਉਸ ਨੇ ਆਖਿਆ, “. . . ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ” (10:17); “. . . ਸਰੀਰ ਦੇ ਸਾਰੇ ਅੰਗ ਭਾਵੇਂ ਬਹੁਤੇ ਹਨ ਪਰ ਤਾਂ ਵੀ ਰਲ ਕੇ ਇੱਕੋ ਸਰੀਰ ਹੋਇਆ” (12:12)। ਕੁਰਿੰਥੁਸ ਦੇ ਮਸੀਹੀਆਂ ਦੀ ਵਿਫਲਤਾ ਇਹ ਨਹੀਂ ਸੀ ਕਿ ਪ੍ਰਭੂ ਭੋਜ ਲੈਂਦਿਆਂ ਉਹ ਆਪਣੇ ਆਪ ਨੂੰ ਚੰਗੀ ਤਰ੍ਹਾਂ ਨਹੀਂ ਜਾਂਚ ਰਹੇ ਸਨ; ਸਗੋਂ ਉਨ੍ਹਾਂ ਦੀ ਵਿਫਲਤਾ ਇਹ ਸੀ ਕਿ ਉਹ ਪ੍ਰਭੂ ਦੇ ਸਰੀਰ, ਕਲੀਸਿਆ, ਨਾਲ ਇਸ ਤਰ੍ਹਾਂ ਦਾ ਵਿਹਾਰ ਕਰ ਰਹੇ ਸਨ ਭਈ ਫੋਟਕਾਂ ਨੂੰ ਪਰਵਾਨਗੀ ਦਿੱਤੀ ਗਈ ਹੈ। ਇਹ ਪ੍ਰਭੂ ਦਾ ਸਲੀਬ ਉੱਤੇ ਲਟਕਿਆ ਹੋਇਆ ਸਰੀਰ ਨਹੀਂ ਸੀ ਜਿਸ ਦੀ ਨਿਖੇਧੀ ਕੁਰਿੰਥੁਸ ਦੇ ਮਸੀਹੀ ਕਰ ਰਹੇ ਸਨ; ਉਹ ਤਾਂ ਕਲੀਸਿਆ ਦੀ ਏਕਤਾ ਨੂੰ ਸੰਭਾਲਣ ਵਿੱਚ ਵਿਫਲ ਹੋ ਰਹੇ ਸਨ।

**ਆਇਤ 30.** ਫਿਰ ਪੌਲੁਸ ਨੇ ਆਖਿਆ, **ਇਸੇ ਕਾਰਨ ਬਾਹਲੇ ਤੁਹਾਡੇ ਵਿੱਚ ਨਿਤਾਣੇ ਅਤੇ ਰੋਗੀ ਹਨ ਅਤੇ ਕਈਕੁ ਸੁੱਤੇ ਪਏ ਹਨ।** ਹੋਰ ਥਾਂਵਾਂ ’ਤੇ ਪੌਲੁਸ ਨੇ “ਸੁੱਤੇ ਹੋਣ” ਦੀ ਰੂਪਕ ਵਜੋਂ ਵਰਤੋਂ “ਮੌਤ” ਦਾ ਹਵਾਲਾ ਦੇਣ ਲਈ ਕੀਤੀ (15:51; 1 ਥੱਸਲੁਨੀਕੀਆਂ 5:10)। “ਕਈਕੁ ਸੁੱਤੇ ਪਏ ਹਨ” ਸ਼ਬਦਾਂ ਦੁਆਰਾ ਪੌਲੁਸ ਨੇ ਕੋਮਲਤਾ ਨਾਲ ਇਹ ਆਖਿਆ ਕਿ ਕੁਰਿੰਥੁਸ ਦੇ ਕੁਝ ਮਸੀਹੀ ਆਤਮਕ ਜੀਵਨ ਵਿੱਚ ਮਰ ਗਏ ਸਨ। ਬਾਕੀਆਂ ਵਿੱਚੋਂ “ਬਾਹਲੇ” “ਨਿਤਾਣੇ ਅਤੇ ਰੋਗੀ” ਸਨ। ਜਦ ਧਨਵਾਨ ਲੋਕ ਰੋਟੀ ਤੋੜਣ ਅਤੇ ਪਿਆਲੇ ਵਿੱਚੋਂ ਪੀਣ ਵੇਲੇ ਤਾਂ ਸਰੀਰ ਦੀ ਏਕਤਾ ਦਾ ਐਲਾਨ ਕਰ ਰਹੇ ਸਨ, ਪਰ ਉਸ ਤੋਂ ਬਾਅਦ ਗਰੀਬਾਂ ਤੋਂ ਵੱਖਰੇ ਹੋ ਕੇ ਆਪਣੇ ਠਾਠ-ਬਾਠ ਵਾਲਾ ਭੋਜਨ ਖਾ ਰਹੇ ਸਨ, ਤਾਂ ਉਹ “ਅਜੋਗਤਾ ਨਾਲ” ਖਾ ਅਤੇ ਪੀ ਰਹੇ ਸਨ (11:27)। “ਇਸੇ ਕਾਰਨ” ਉਨ੍ਹਾਂ ਉੱਤੇ ਵਿਨਾਸ ਆ ਪਿਆ ਸੀ। ਪੌਲੁਸ ਆਖ ਰਿਹਾ ਸੀ ਕਿ ਕੁਰਿੰਥੁਸ ਵਿਚਲੇ ਸੰਕਟ ਉਨ੍ਹਾਂ ਦੀ ਅਪਵਿੱਤਰਤਾ ਦਾ ਨਤੀਜਾ ਸਨ। ਕੁਝ ਲੋਕਾਂ ਉੱਤੇ ਪ੍ਰਭੂ ਦੀ ਤਾੜਨਾ ਪਈ ਸੀ (11:32; ਵੇਖੋ ਇਬਰਾਨੀਆਂ 12:5-7), ਅਤੇ ਕੁਝ ਲੋਕ ਤਾਂ ਕਲੀਸਿਆ ਵੱਲੋਂ ਅਸਾਨੀ ਨਾਲ ਸਵੀਕਾਰ ਕਰ ਲਏ ਗਏ ਪਖੰਡ ਦੇ ਕਾਰਨ ਮਰ ਵੀ ਗਏ ਸਨ।

**ਆਇਤ 31.** ਪੌਲੁਸ ਨੇ ਆਪਣੀ ਚਿਤਾਉਣੀ ਉੱਤੇ ਜ਼ੋਰ ਦੇਣ ਲਈ ਤੱਥ ਦੇ ਵਿਰੋਧ ਵਾਲੇ ਹਾਲਾਤ ਦੀ ਵਰਤੋਂ ਕੀਤੀ, ਅਰਥਾਤ (εἰ [*ਏਈ*] ਸ਼ਰਤ ਵਾਲੇ ਵਾਕ ਵਿਚਲੀ ਸ਼ਰਤ ਦੇ ਨਾਲ ਸੂਚਕ ਦੇਣ ਤੋਂ ਬਾਅਦ ਸ਼ਰਤ ਵਾਲੇ ਵਾਕ ਵਿਚਲੇ ਮੁੱਖ ਵਾਕ ਅੰਸ਼ ਵਿੱਚ ἄν

[*ਐਨ*])। ਜੇਕਰ ਉਨ੍ਹਾਂ ਨੇ ਆਪਣੇ ਆਪ ਦੀ ਜਾਂਚ ਕੀਤੀ ਹੁੰਦੀ, ਤਾਂ ਪੌਲੁਸ ਨੂੰ ਇਸ ਮਸਲੇ ਉੱਤੇ ਆਪਣਾ ਫੈਸਲਾ ਸੁਣਾਉਣ ਦੀ ਲੋੜ ਹੀ ਨਹੀਂ ਪੈਣੀ ਸੀ। ਇਸ ਤੋਂ ਵੀ ਮਹੱਤਵਪੂਰਣ ਇਹ ਹੈ ਕਿ ਪਰਮੇਸ਼ੁਰ ਉਨ੍ਹਾਂ ਉੱਤੇ ਸਜ਼ਾ ਨਾ ਲਿਆਉਂਦਾ। ਪਰ ਉਨ੍ਹਾਂ ਨੇ ਆਪਣੇ ਆਪ ਦੀ ਜਾਂਚ ਨਹੀਂ ਕੀਤੀ ਸੀ। ਪੌਲੁਸ ਨੇ ਲਿਖਿਆ, **ਪਰ ਜੇ ਅਸੀਂ ਆਪਣੇ ਆਪ ਨੂੰ ਜਾਚਦੇ ਤਾਂ ਜਾਚੇ ਨਾ ਜਾਂਦੇ।** ਪਰਮੇਸ਼ੁਰ ਉਨ੍ਹਾਂ ਮਸੀਹੀਆਂ ਉੱਤੇ ਸਜ਼ਾ ਲੈ ਕੇ ਆਇਆ ਜਿਨ੍ਹਾਂ ਨੇ ਆਪਣੇ ਆਪ ਦੀ ਜਾਂਚ ਕਰਨ ਤੋਂ ਇਨਕਾਰ ਕਰ ਦਿੱਤਾ। ਆਪਣੇ ਆਪ ਦੀ ਜਾਂਚ ਕਰਕੇ ਅਤੇ ਫਿਰ ਆਪਣੇ ਪਾਪਾਂ ਤੋਂ ਤੋਬਾ ਕਰਕੇ ਪਰਮੇਸ਼ੁਰ ਨੂੰ ਮਹਿਮਾ ਮਿਲਦੀ ਹੈ ਅਤੇ ਉਸ ਦੀ ਕਿਰਪਾ ਪ੍ਰਾਪਤ ਹੁੰਦੀ ਹੈ। ਪੌਲੁਸ ਵੱਲੋਂ ਕੁਰਿੰਥੁਸ ਦੀ ਕਲੀਸਿਆ ਲਈ ਉਪਦੇਸ਼ ਇਹ ਸੀ ਕਿ ਉਹ ਆਪਣਿਆਂ ਕੰਮਾਂ ਦੀ ਇਮਾਨਦਾਰੀ ਨਾਲ ਜਾਂਚ ਕਰਨ। ਉਸ ਵੱਲੋਂ ਇਸਤੇਮਾਲ ਕੀਤੇ ਗਏ ਉੱਤਮ ਪੁਰਸ਼ ਇੱਕਵਚਨ ਪੜਨਾਂਵ ਨੇ ਉਸ ਦੇ ਸ਼ਬਦਾਂ ਨੂੰ ਥੋੜਾ ਕੋਮਲ ਕਰ ਦਿੱਤਾ। ਆਪਣੇ ਆਪ ਨੂੰ ਉਨ੍ਹਾਂ ਦੇ ਨਾਲ ਸ਼ਾਮਲ ਕਰਕੇ ਉਹ ਆਖ ਰਿਹਾ ਸੀ ਕਿ ਆਪਣੇ ਆਪ ਦੀ ਜਾਂਚ ਕਰਨਾ ਭਗਤੀਪੂਰਣ ਜੀਵਨ ਵਿੱਚ ਕਦੇ ਨਾ ਰੁਕਣ ਵਾਲੀ ਕਿਰਿਆ ਹੈ।

**ਆਇਤ 32.** ਉੱਤਮ ਪੁਰਸ਼ ਬਹੁਵਚਨ ਦੀ ਵਰਤੋਂ ਜਾਰੀ ਰੱਖਦਿਆਂ ਪੌਲੁਸ ਨੇ ਲਿਖਿਆ, **ਪਰ ਜਾਂ ਜਾਚੇ ਜਾਂਦੇ *ਹਾਂ* ਤਾਂ ਪ੍ਰਭੂ ਤੋਂ ਤਾੜੇ ਜਾਂਦੇ *ਹਾਂ*** (ਜ਼ੋਰ ਦਿੱਤਾ ਗਿਆ ਹੈ)। ਕੁਰਿੰਥੁਸ ਦੀ ਕਲੀਸਿਆ ਦੇ ਮਸਲਿਆਂ ਵਿੱਚ ਪਰਮੇਸ਼ੁਰ ਦੀ ਦਖਲਅੰਦਾਜ਼ੀ ਦੇ ਨਤੀਜੇ ਵਜੋਂ ਰੋਗ ਅਤੇ ਮੌਤ ਆਈ ਸੀ। ਪਰਮੇਸ਼ੁਰ ਚੁੱਪਚਾਪ ਨਹੀਂ ਖੜ੍ਹਾ ਸੀ ਕਿ ਉਸ ਦੀ ਕਲੀਸਿਆ ਜੋ ਚਾਹੇ ਕਰਦੀ ਰਹੇ। ਮਸੀਹੀਆਂ ਕੋਲ ਇਹ ਮੰਨਣ ਦਾ ਕੋਈ ਕਾਰਨ ਨਹੀਂ ਸੀ ਕਿ ਪਰਮੇਸ਼ੁਰ ਚੁੱਪਚਾਪ ਸੀ। KJV ਦੇ ਅਨੁਵਾਦਕਾਂ ਨੇ ਯੂਨਾਨੀ ਦੇ ਉਪਵਾਕ ὑπὸ τοῦ κυρίου παιδευόμεθα, *ਹੁਪੋ ਟੋਉ ਕੁਰਿਓ ਪਾਏਡੇਓਮੇਥਾ*) ਦਾ ਅਨੁਵਾਦ, “ਅਸੀਂ ਪ੍ਰਭੂ ਵੱਲੋਂ ਤਾੜੇ ਜਾਂਦੇ ਹਾਂ . . .” ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਕ੍ਰਮ ਇਸ ਅਰਥ ਦਾ ਸੁਝਾਉ ਦਿੰਦਾ ਹੈ: “ਹੋਰ ਕਿਸੇ ਦੇ ਨਹੀਂ ਸਿਰਫ ਪ੍ਰਭੂ ਦੁਆਰਾ ਹੀ ਮਸੀਹੀ ਲੋਕ ਤਾੜੇ ਜਾਂਦੇ ਹਨ।”

ਅੱਯੂਬ ਜਾਣ ਗਿਆ ਸੀ ਕਿ ਪਰਮੇਸ਼ੁਰ ਦੇ ਧਰਮੀ ਰਾਹ ਮਨੁੱਖੀ ਸਮਝ ਤੋਂ ਪਰੇ ਹਨ (ਵੇਖੋ ਅੱਯੂਬ 38), ਪਰ ਇਹ ਗੱਲ ਸਪੱਸ਼ਟ ਹੈ: ਪਰਮੇਸ਼ੁਰ ਜਿਨ੍ਹਾਂ ਨੂੰ ਪ੍ਰੇਮ ਕਰਦਾ ਹੈ ਉਨ੍ਹਾਂ ਨੂੰ ਤਾੜਦਾ ਹੈ ਤਾਂ ਜੋ ਉਹ **ਸੰਸਾਰ ਨਾਲ ਦੋਸ਼ੀ ਨਾ ਠਹਿਰਾਏ** ਜਾਣ। ਪ੍ਰਭੂ ਦੇ ਸਾਰੇ ਨਿਆਉਂ ਜਗਤ ਦੇ ਅੰਤ ਲਈ ਰਾਖਵੇਂ ਨਹੀਂ ਰੱਖੇ ਗਏ ਹਨ। ਕੁਰਿੰਥੁਸ ਦੇ ਵਿਸ਼ਵਾਸੀਆਂ ਨੇ ਜਿਸ ਫੁੱਟਬਾਜੀ ਨੂੰ ਇੱਕ ਪਰਵਾਨਯੋਗ ਆਦਤ ਮੰਨ ਲਿਆ ਸੀ ਉਸ ਦੇ ਕਾਰਨ ਉਹ ਇਸ ਸੰਭਾਵਨਾ ਦੇ ਖਤਰੇ ਵਿੱਚ ਆ ਗਏ ਸਨ ਕਿ ਪਰਮੇਸ਼ੁਰ ਉਨ੍ਹਾਂ ਦੇ ਸ਼ਮਾਦਾਨ ਨੂੰ ਉਹ ਦੇ ਥਾਂ ਤੋਂ ਹਟਾ ਦਵੇ (ਵੇਖੋ ਪਰਕਾਸ਼ 2:5)।

**ਆਇਤ 33.** ਰਸੂਲ ਪੌਲੁਸ ਨੇ ਆਪਣੇ ਖਰੇ-ਖਰੇ ਸ਼ਬਦਾਂ ਨੂੰ ਇਸ ਆਇਤ ਵਿੱਚ **ਮੇਰੇ ਭਰਾਵੋ** ਆਖ ਕੇ ਕੋਮਲ ਕਰ ਦਿੱਤਾ। ਇੱਥੇ ਵੀ ਉਸ ਨੇ ਕੁਰਿੰਥੁਸ ਦੇ ਵਿਸ਼ਵਾਸੀਆਂ ਦੇ ਇਕੱਠੇ ਹੋਣ ਵੇਲੇ ਫੋਟਕਾਂ ਦੇ ਵਿਸ਼ੇ ਨੂੰ ਛੱਡਿਆ ਨਹੀਂ ਸੀ। ਪ੍ਰਭੂ ਭੋਜ ਬਾਰੇ ਉਸ ਦੀ ਚਰਚਾ ਪ੍ਰਭੂ ਭੋਜ ਵਿੱਚ ਸ਼ਾਮਲ ਹੋਣ ਵਾਲੀ ਮੰਡਲੀ ਵੱਲੋਂ ਕੀਤੇ ਜਾ ਰਹੇ ਦੁਰਵਿਹਾਰ ਨਾਲ ਸੰਬੰਧਤ ਸੀ। ਉਨ੍ਹਾਂ ਦੀਆਂ ਫੋਟਕਾਂ ਅਤੇ ਏਕਤਾ ਦੀ ਉਨ੍ਹਾਂ ਦੀ ਲੋੜ ਬਾਰੇ ਆਪਣੀ ਸਿੱਖਿਆ ਦਾ ਸਮਾਪਨ ਕਰਦਿਆਂ ਪੌਲੁਸ ਆਪਣੇ ਉਸ ਉਪਦੇਸ਼ ਦਾ ਸਾਰ ਪੇਸ਼ ਕਰਦਾ ਹੈ ਜਿਸ ਦਾ ਅਰੰਭ ਉਸ ਨੇ 11:17 ਵਿੱਚ ਕੀਤਾ ਸੀ। ਪਰਮੇਸ਼ੁਰ ਦੇ ਲੋਕ – ਧਨਵਾਨ ਜਾਂ ਗਰੀਬ, ਯਹੂਦੀ ਜਾਂ ਗੈਰਯਹੂਦੀ, ਸੁਤੰਤਰ ਜਾਂ ਗੁਲਾਮ, ਨਰ ਜਾਂ ਨਾਰੀ, ਜਵਾਨ ਜਾਂ ਬਜ਼ੁਰਗ – ਸਾਰੇ ਦੇ ਸਾਰੇ

ਪਾਪ ਵਿੱਚ ਇੱਕ ਹਨ ਅਤੇ ਪਰਮੇਸ਼ੁਰ ਦੀ ਉਸ ਕਿਰਪਾ ਦੀ ਉਨ੍ਹਾਂ ਨੂੰ ਲੋੜ ਹੈ ਜਿਹੜੀ ਸਲੀਬ ਉੱਤੇ ਪਰਗਟ ਹੋਈ ਸੀ।

ਦਲਬੰਦੀ ਕਾਰਨ ਪੈ ਰਹੀ ਫੁੱਟ ਮਸੀਹੀ ਨਿਹਚਾ ਦੇ ਮੁੱਢਲੇ ਇਕਰਾਰ ਨੂੰ ਹੀ ਰੱਦ ਰਹੀ ਸੀ। ਜਦ ਉਹ ਰੋਟੀ ਤੋੜਦੇ ਅਤੇ ਪਿਆਲੇ ਵਿੱਚੋਂ ਪੀਂਦੇ ਸਨ, ਅਤੇ ਫਿਰ ਇੱਕ ਦੂਜੇ ਤੋਂ ਵੱਖਰੇ ਹੋ ਜਾਂਦੇ ਸਨ ਕਿ ਭਈ ਹਰ ਕੋਈ "ਆਪੋ ਆਪਣਾ ਭੋਜਨ ਖਾ" ਲਵੇ (11:21), ਤਾਂ ਉਨ੍ਹਾਂ ਨੇ "ਅਸ਼ਾਇ ਰੱਬਾਨੀ" (11:20) ਲਿਆ ਹੀ ਨਹੀਂ ਸੀ ਜਿਵੇਂ ਕਿ ਉਹ ਸੋਚ ਰਹੇ ਸਨ ਕਿ ਉਨ੍ਹਾਂ ਨੇ ਲੈ ਲਿਆ ਹੈ। ਸਪੱਸ਼ਟ ਤੌਰ 'ਤੇ ਉਹ ਪ੍ਰਭੂ ਭੋਜ ਨੂੰ ਅਜੋਗਤਾ ਨਾਲ ਲੈ ਰਹੇ ਸਨ।

ਪੌਲੁਸ ਦਾ ਇਹ ਉਪਦੇਸ਼ ਕਿ **ਇੱਕ ਦੂਏ ਦੀ ਉਡੀਕ ਕਰੋ** ਇਸ ਗੱਲ ਦਾ ਸੱਦਾ ਸੀ ਕਿ ਉਹ ਆਪਣੇ ਪ੍ਰੇਮ ਭੋਜਨਾਂ ਵੇਲੇ ਮਿਲਾਪ ਦੇ ਬੰਧ ਵਿੱਚ ਆਤਮਾ ਦੀ ਏਕਤਾ (ਅਫ਼ਸੀਆਂ 4:3) ਵਿੱਚ ਇੱਕ ਹੋਣ। ਲਾਜ਼ਮੀ ਸੀ ਕਿ ਪ੍ਰੇਮ ਭੋਜਨਾਂ ਵੇਲੇ ਉਨ੍ਹਾਂ ਦੀ ਸਮਾਜਕ ਏਕਤਾ ਉਹੀ ਸੁਨੇਹਾ ਦਵੇ ਜੋ ਪ੍ਰਭੂ ਭੋਜ ਦੀ ਪਾਲਨਾ ਕਰਦਿਆਂ ਰੋਟੀ ਤੋੜਨ ਅਤੇ ਪਿਆਲੇ ਵਿੱਚੋਂ ਪੀਣ ਨਾਲ ਮਿਲ ਰਿਹਾ ਸੀ। ਹਾਲਾਂਕਿ ਇਹ ਦੋ ਭਿੰਨ ਭੋਜ ਸਨ, ਤਾਂ ਵੀ ਪ੍ਰਭੂ ਭੋਜ ਵਿੱਚ ਸ਼ਾਮਲ ਹੋਣਾ ਅਤੇ ਪ੍ਰੇਮ ਭੋਜਨ ਵਿੱਚ ਸ਼ਾਮਲ ਹੋਣਾ ਪਰਮੇਸ਼ੁਰ ਦੇ ਲੋਕਾਂ ਵਿੱਚ ਏਕਤਾ ਦਾ ਵਾਧਾ ਕਰਨ ਦਾ ਵਸੀਲਾ ਹੋਣਾ ਚਾਹੀਦਾ ਸੀ।

**ਆਇਤ 34.** ਪ੍ਰਭੂ ਭੋਜ ਦਾ ਮਕਸਦ ਭੁੱਖ ਮਿਟਾਉਣਾ ਨਹੀਂ ਸੀ। ਪੌਲੁਸ ਨੇ ਲਿਖਿਆ, **ਜੇ ਕਿਸੇ ਨੂੰ ਭੁੱਖ ਲੱਗੇ ਤਾਂ ਆਪਣੇ ਘਰ ਵਿੱਚ ਖਾਵੇ ਭਈ ਤੁਹਾਡੇ ਇਕੱਠੇ ਹੋਣ ਤੋਂ ਤੁਹਾਨੂੰ ਡੰਨ ਨਾ ਲੱਗੇ।** ਜ਼ਰੂਰੀ ਨਹੀਂ ਹੈ ਕਿ ਮਸੀਹੀ ਲੋਕ ਇਕੱਠੇ ਹੋਣ ਵੇਲੇ ਪ੍ਰੇਮ ਭੋਜਨ ਕਰਨ, ਪਰ ਜੇਕਰ ਉਹ ਕਰਦੇ ਹਨ ਤਾਂ ਇਹ ਭੋਜਨ ਮਸੀਹ ਦੇ ਸਰੀਰ ਵਿਚਲੀ ਏਕਤਾ ਨੂੰ ਤੋੜਨ ਦੀ ਬਜਾਇ ਉਸ ਨੂੰ ਵਧਾਏ। ਜੇਕਰ ਕੁਝ ਮਸੀਹੀ ਮਸੀਹ ਵਿੱਚ ਆਪਣੇ ਭੈਣਾਂ ਅਤੇ ਭਰਾਵਾਂ ਨਾਲ ਕੁਝ ਨਹੀਂ ਵੰਡਣਾ ਚਾਹੁੰਦੇ ਸਨ, ਤਾਂ ਉਨ੍ਹਾਂ ਦੇ ਆਪਣੇ ਘਰ ਸਨ ਜਿਨ੍ਹਾਂ ਵਿੱਚ ਉਹ ਆਪਣੀ ਭੁੱਖ ਮਿਟਾ ਸਕਦੇ ਸਨ। ਇਹ ਚਿਤਾਉਣੀ ਦਰਸਾਉਂਦੀ ਹੈ ਕਿ ਪ੍ਰਭੂ ਭੋਜ ਅਤੇ ਪ੍ਰੇਮ ਭੋਜਨ ਵਿੱਚ ਭਿੰਨਤਾ ਹੁੰਦੀ ਸੀ। ਪ੍ਰਭੂ ਭੋਜ ਨਿਹਚਾ ਨੂੰ ਤਕੜਾ ਕਰਨ ਦਾ ਸਮਾਂ ਹੁੰਦਾ ਸੀ। ਇਹ ਨਿਸ਼ਚਿਤ ਤੌਰ 'ਤੇ ਪ੍ਰਭੂ ਦੇ ਦਿਨ ਹੋਣ ਵਾਲੀ ਸੰਗਤੀ ਦਾ ਹਿੱਸਾ ਹੁੰਦਾ ਸੀ। ਨਿਰਸੰਦੇਹ, ਜਦ ਪੌਲੁਸ ਕੁਰਿੰਥੁਸ ਦੇ ਮਸੀਹੀਆਂ ਨੂੰ ਆਪ ਆਣ ਕੇ ਮਿਲਦਾ ਤਾਂ ਉਸ ਕੋਲ ਇਨ੍ਹਾਂ ਮਸਲਿਆਂ ਬਾਰੇ ਬੋਲਣ ਲਈ ਹੋਰ ਵੀ ਬਹੁਤ ਕੁਝ ਹੋਣਾ ਸੀ।

# ਪ੍ਰਾਸੰਗਿਕਤਾ

### ਮਸੀਹੀ ਅਤੇ ਰੀਤਾਂ (11:1-16)

ਸਿਰ ਕੱਜਣ ਦਾ ਮਸਲਾ ਖਾਸ ਸਮੇਂ ਅਤੇ ਸਥਾਨ ਦੇ ਖਾਸ ਲੋਕਾਂ ਨਾਲ ਸੰਬੰਧਤ ਸੀ। ਕੁਰਿੰਥੁਸ ਦੇ ਮਸੀਹੀਆਂ ਦੇ ਲਈ ਸਿਰ ਕੱਜਣਾ ਇੱਕ ਨਿਸ਼ਾਨੀ ਸੀ। ਉਨ੍ਹਾਂ ਦੀ ਇਹ ਵਰਤੋਂ ਹੋਰ ਵੀ ਵਧੇਰੇ ਮਹੱਤਵਪੂਰਣ ਮਸਲੇ ਦੀ ਨਿਸ਼ਾਨੀ ਬਣ ਗਈ ਸੀ। ਰਸੂਲ ਪੌਲੁਸ ਪੁਰਸ਼ਾਂ ਤੋਂ ਉਮੀਦ ਕਰ ਰਿਹਾ ਸੀ ਕਿ ਉਹ ਅਰਾਧਨਾ ਅਤੇ ਕਲੀਸਿਆਈ ਜੀਵਨ ਵਿੱਚ ਅਗਵਾਈ ਦੀ ਜ਼ਿੰਮੇਵਾਰੀ ਲੈਣ। ਜਦ ਕਿਸੇ ਇਸਤਰੀ ਦਾ ਸਿਰ ਅਣਕੱਜਿਆ ਅਤੇ ਪੁਰਸ਼ ਦਾ ਸਿਰ ਕੱਜਿਆ ਹੁੰਦਾ ਸੀ, ਤਾਂ ਇਹ ਰੀਤ ਕਲੀਸਿਆ ਦੇ ਆਗੂਆਂ ਦੇ ਲਈ ਪਰਮੇਸ਼ੁਰ ਦੀ ਯੋਜਨਾ ਦਾ

ਨਿਰਾਦਰ ਕਰਦੀ ਸੀ। ਇਸ ਮਸਲੇ ਨੂੰ ਹੋਰ ਵੀ ਪੇਚੀਦਾ ਬਣਾਉਣ ਵਾਲੀ ਗੱਲ ਇਹ ਸੀ ਕਿ ਮੂਰਤੀ ਪੂਜਕ ਲੋਕਾਂ ਵਿੱਚ ਪੂਜਾ ਵੇਲੇ ਪੁਰਸ਼ਾਂ ਨੂੰ ਸਿਰ ਕੱਜਣੇ ਪੈਂਦੇ ਸਨ। ਪੌਲੁਸ ਨੇ ਉਸ ਰੀਤ ਦੀ ਚੋਣ ਕੀਤੀ ਜਿਹੜੀ ਪੁਰਸ਼ ਦੇ ਆਗੂ ਹੋਣ ਦੀ ਤਸਦੀਕ ਕਰਦੀ ਹੈ; ਉਸ ਨੇ ਉਨ੍ਹਾਂ ਰੀਤਾਂ ਨੂੰ ਰੱਦਿਆ ਜਿਹੜੀਆਂ ਮੂਰਤੀ ਪੂਜਾ ਦਾ ਹਿੱਸਾ ਸਨ।

ਕੁਰਿੰਥੁਸ ਦੇ ਮਸੀਹੀਆਂ ਨੂੰ ਪੌਲੁਸ ਵੱਲੋਂ ਦਿੱਤੇ ਗਏ ਉਪਦੇਸ਼ ਆਧੁਨਿਕ ਮਸੀਹੀਆਂ ਨੂੰ ਹੇਠ ਲਿਖੀਆਂ ਗੱਲਾਂ ਸਿਖਾਉਂਦੇ ਹਨ: (1) ਜਦ ਕੋਈ ਰੀਤ ਨੈਤਿਕ ਤੌਰ ’ਤੇ ਸਹੀ ਹੈ, ਤਾਂ ਵਿਸ਼ਵਾਸੀ ਉਸ ਦਾ ਸਤਿਕਾਰ ਕਰਕੇ ਚੰਗਾ ਕਰਦੇ ਹਨ। (2) ਕਿਸੇ ਸਮਾਜਕ ਰਸਮ ਨੂੰ ਉਸ ਦੇ ਸੰਦਰਭ ਵਿੱਚੋਂ ਵੱਖਰਾ ਨਹੀਂ ਕੀਤਾ ਜਾ ਸਕਦਾ ਜਿਸ ਵਿੱਚ ਇਸ ਦੀ ਪਾਲਨਾ ਕੀਤੀ ਜਾਂਦੀ ਹੈ। ਮਸੀਹੀ ਲੋਕਾਂ ਦੁਆਰਾ ਕਿਸੇ ਰੀਤ ਦਾ ਸਤਿਕਾਰ ਜਾਂ ਨਿਖੇਧੀ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਵੇ ਕਿ ਉਸ ਰੀਤ ਦੇ ਨੈਤਿਕ ਜਾਂ ਧਾਰਮਿਕ ਮਾਇਨੇ ਕੀ ਹਨ। (3) ਕਿਸੇ ਵੀ ਸਮਾਜਕ ਰੀਤ ਦਾ ਆਪਣਾ ਇੱਕ ਪ੍ਰਤੀਕਾਤਮਕ ਮਹੱਤਵ ਹੁੰਦਾ ਹੈ ਜੋ ਅਜਿਹੇ ਸਮਾਜ ਦੀ ਉਸਾਰੀ ਕਰਦਾ ਹੈ ਜਿਸ ਵਿੱਚ ਮਸੀਹ ਦੀਆਂ ਸਿੱਖਿਆਵਾਂ ਨਾ ਤਾਂ ਜੜ੍ਹ ਫੜ ਸਕਦੀਆਂ ਹਨ ਅਤੇ ਨਾ ਹੀ ਵਧ ਸਕਦੀਆਂ ਹਨ। (4) ਮਸੀਹੀ ਹੋਣ ਦੇ ਨਾਤੇ ਸਾਨੂੰ ਮਹੱਤਵਪੂਰਣ ਨੈਤਿਕ ਅਤੇ ਧਾਰਮਿਕ ਮਸਲਿਆਂ ਬਾਰੇ ਆਪਣੇ ਵਿਚਾਰ ਸਥਿਰ ਰੱਖਣੇ ਚਾਹੀਦੇ ਹਨ। ਆਪਣੀ ਗੱਲ ਨੂੰ ਉੱਤੇ ਰੱਖਣ ਲਈ ਜਾਂ ਆਪਣੀ ਸੁਤੰਤਰਤਾ ਦਾ ਐਲਾਨ ਕਰਨ ਲਈ ਕਿਸੇ ਸਮਾਜਕ ਰੀਤ ਨੂੰ ਠੁਕਰਾਉਣਾ ਬੁੱਧੀਮਾਨੀ ਨਹੀਂ ਹੈ, ਸਗੋਂ ਅਜਿਹਾ ਕਰਨਾ ਮਸੀਹ ਦੇ ਕੰਮ ਲਈ ਨੁਕਸਾਨਦੇਹ ਹੋ ਸਕਦਾ ਹੈ।

### ਪ੍ਰਭੂ ਭੋਜ: ਯਾਦਗੀਰੀ ਅਤੇ ਵਧੀਕ (11:17-34)

ਮਸੀਹੀਆਂ ਲਈ ਪ੍ਰਭੂ ਦੇ ਦਿਨ ਕਲੀਸਿਆ ਸਭਾ ਵਿੱਚ ਇਕੱਠੇ ਹੋਣਾ ਉਨ੍ਹਾਂ ਦੇ ਧਾਰਮਿਕ ਜੀਵਨ ਲਈ ਇੱਕ ਮਹੱਤਵਪੂਰਣ ਕੰਮ ਹੈ। ਇਹ ਉਹ ਸਮਾਂ ਹੈ ਜਦ ਅਸੀਂ ਇੱਕ ਸਮਾਜ ਵਜੋਂ ਇਕੱਠੇ ਹੁੰਦੇ ਹਾਂ ਕਿ ਆਪਣੀ ਸਾਂਝੀ ਨਿਹਚਾ ਦੀ ਪੁਸ਼ਟੀ ਕਰੀਏ, ਇੱਕ ਦੂਜੇ ਦੀ ਸੰਗਤੀ ਦਾ ਅਨੰਦ ਮਾਣੀਏ, ਇੱਕ ਦੂਜੇ ਨੂੰ ਉਤਸ਼ਾਹਿਤ ਕਰੀਏ ਅਤੇ – ਸਭ ਤੋਂ ਵਧ ਕੇ – ਪਰਮੇਸ਼ੁਰ ਦੀ ਅਰਾਧਨਾ ਕਰੀਏ। ਜੇਕਰ ਵਿਸ਼ਵਾਸੀਆਂ ਤੋਂ ਇਹ ਪ੍ਰਸ਼ਨ ਪੁੱਛਿਆ ਜਾਂਦਾ ਹੈ, "ਹਫਤੇ ਦੇ ਪਹਿਲੇ ਦਿਨ ਕਲੀਸਿਆ ਦੇ ਇਕੱਠੇ ਹੋਣ ਦਾ ਉਦੇਸ਼ ਕੀ ਹੈ?" ਤਾਂ ਉਨ੍ਹਾਂ ਦੇ ਕੋਲ ਇਸ ਦਾ ਜਵਾਬ ਤਿਆਰ ਰਹਿੰਦਾ ਹੈ। ਇੱਥੇ ਦੋ ਉੱਤਰ ਦਿੱਤੇ ਜਾ ਸਕਦੇ ਹਨ।

ਪਹਿਲਾ, *ਮਸੀਹੀ ਲੋਕ ਇਸ ਕਰਕੇ ਇਕੱਠੇ ਹੁੰਦੇ ਹਨ ਭਈ ਸਾਂਝੀ ਨਿਹਚਾ ਵਿੱਚ ਇੱਕ ਦੂਜੇ ਦਾ ਸਮਰਥਨ ਅਤੇ ਸਹਿਯੋਗ ਕਰਨ, ਅਤੇ ਭਗਤੀਪੂਰਣ, ਸੇਵਾ ਭਾਵ ਵਾਲਾ ਜੀਵਨ ਜੀਉਣ ਲਈ ਇੱਕ ਦੂਜੇ ਨੂੰ ਉਤਸ਼ਾਹਿਤ ਕਰਨ*। ਮੰਡਲੀ ਦਾ ਇਕੱਠਾ ਹੋਣ ਦਾ ਇੱਕ ਉਦੇਸ਼ ਆਪਸੀ ਸੰਗਤੀ ਦੇ ਦੁਆਰਾ ਇੱਕ ਦੂਜੇ ਦੇ ਸਾਥ ਦਾ ਅਨੰਦ ਮਾਣਨਾ ਵੀ ਹੈ। ਅਸੀਂ ਇਕੱਠੇ ਹੋਣ ਦੇ ਵੱਡੇ ਅਨੰਦ ਦਾ ਅਨੁਭਵ ਕਰਦੇ ਹਾਂ। ਇਸੇ ਕਰਕੇ ਇਬਰਾਨੀਆਂ ਦੀ ਪੁਸਤਕ ਦੇ ਲੇਖਕ ਨੇ ਲਿਖਿਆ, "ਪ੍ਰੇਮ ਅਰ ਸ਼ੁਭ ਕਰਮਾਂ ਲਈ ਉਭਾਰਨ ਨੂੰ ਅਸੀਂ ਇੱਕ ਦੂਏ ਦਾ ਧਿਆਨ ਰੱਖੀਏ ਅਤੇ ਆਪਸ ਵਿੱਚੀਂ ਇਕੱਠੇ ਹੋਣ ਨੂੰ ਨਾ ਛੱਡੀਏ" (ਇਬਰਾਨੀਆਂ 10:24, 25)।

ਇਕੱਠੇ ਹੋਣ ਦਾ ਕੇਂਦਰ ਮਸੀਹੀ ਲੋਕ ਹਨ; ਪਰ ਇਕੱਠੇ ਹੋਣ ਦਾ ਇੱਕ ਦੂਜਾ ਉਦੇਸ਼ ਵੀ ਹੈ, ਜੋ ਵਧੇਰੇ ਮਹੱਤਵਪੂਰਣ ਹੈ। *ਇਹ ਇਕੱਠ ਅਰਾਧਨਾ ਕਰਨ ਲਈ ਵੀ ਹੈ।* ਇਕੱਠੇ ਹੋਣ ਦਾ ਕੇਂਦਰ ਪਰਮੇਸ਼ੁਰ ਵੀ ਹੈ ਜਿੱਥੇ ਵਿਸ਼ਵਾਸੀ ਸਤਿਕਾਰ ਅਤੇ ਵਿਚਾਰ ਪੂਰਬਕ ਉਸਤਤ

ਕਰਦੇ ਹਨ। ਸਾਨੂੰ ਇਹ ਭਰੋਸਾ ਰੱਖਣਾ ਚਾਹੀਦਾ ਹੈ ਕਿ ਜਿਸ ਪਰਮੇਸ਼ੁਰ ਦੀ ਅਸੀਂ ਅਰਾਧਨਾ ਕਰਦੇ ਹਾਂ ਉਹ ਉਸ ਦੀ ਉਸਤਤ ਕਰਨ ਦੇ ਸਾਡੇ ਨਿਰਬਲ ਜਤਨਾਂ ਨੂੰ ਸਵੀਕਾਰ ਕਰੇਗਾ।

ਪ੍ਰਭੂ ਭੋਜ, ਅਰਾਧਨਾ ਦੇ ਹੋਰ ਪੱਖਾਂ ਦੀ ਤਰ੍ਹਾਂ ਹੀ, ਇੱਕ ਨਾਲੋਂ ਵਧੇਰੇ ਉਦੇਸ਼ਾਂ ਦੀ ਪੂਰਤੀ ਕਰਦਾ ਹੈ। ਹਰੇਕ ਮਸੀਹੀ ਇਹ ਪੁੱਛ ਕੇ ਲਾਭ ਪ੍ਰਾਪਤ ਕਰ ਸਕਦਾ ਹੈ, "ਪ੍ਰਭੂ ਭੋਜ ਦਾ ਉਦੇਸ਼ ਕੀ ਹੈ? ਇਕੱਠੇ ਹੋਣ ਵੇਲੇ ਅਸੀਂ ਰੋਟੀ ਅਤੇ ਪਿਆਲਾ ਕਿਉਂ ਲੈਂਦੇ ਹਾਂ? ਕੀ ਪ੍ਰਭੂ ਭੋਜ ਦਾ ਉਦੇਸ਼ ਸੰਗਤੀ ਹੈ, ਜਾਂ ਅਰਾਧਨਾ ਹੈ? ਅਰਾਧਨਾ ਅਤੇ ਸੰਗਤੀ ਦਾ ਆਪਸੀ ਸੰਬੰਧ ਕਿਵੇਂ ਦਾ ਹੋਣਾ ਚਾਹੀਦਾ ਹੈ?"

ਇਸ ਹਫਤਾਵਰ ਰੀਤ ਦੇ ਤਿੰਨ ਉਦੇਸ਼ ਹਨ। ਪਰਮੇਸ਼ੁਰ ਵੱਲੋਂ ਸਾਨੂੰ ਦਿੱਤੀ ਗਈ ਇਸ ਹਫਤਾਵਰ ਰੀਤ ਦੇ ਪੂਰੇ ਅਰਥ ਨੂੰ ਸਾਵਧਾਨੀ ਨਾਲ ਸਮਝੀਏ।

*ਪਿਛਾਂਹ ਵੇਖਣਾ:* ਨਿਰਸੰਦੇਹ, ਰੋਟੀ ਤੋੜਨਾ ਅਤੇ ਪਿਆਲੇ ਵਿੱਚੋਂ ਪੀਣਾ ਪਿਛਾਂਹ ਵੇਖਣ ਵਿੱਚ ਸਾਡੀ ਮਦਦ ਕਰਦਾ ਹੈ; ਇਹ ਇੱਕ ਯਾਦਗੀਰੀ ਹੈ। ਵਿਸ਼ਵਾਸੀ ਆਪਣੀ ਇਸ ਸਾਂਝੀ ਨਿਹਚਾ ਦੇ ਇਕਰਾਰ ਨਾਲ, ਕਿ ਯਿਸੂ ਨਾਸਰੀ ਪਰਮੇਸ਼ੁਰ ਦਾ ਪੁੱਤਰ ਹੈ, ਇੱਕ ਦੂਜੇ ਨਾਲ ਜੁੜੇ ਹੋਏ ਹਨ। ਉਹ ਪਰਮੇਸ਼ੁਰ ਦਾ ਮਸੀਹ ਹੈ, ਜੋ ਉਸ ਦੇ ਸੱਜੇ ਪਾਸੇ ਬਿਰਾਜਮਾਨ ਹੋ ਕੇ ਰਾਜ ਕਰਦਾ ਹੈ। ਪਰਮੇਸ਼ੁਰ ਨੇ ਯਿਸੂ ਦੇ ਰੂਪ ਵਿੱਚ ਮਨੁੱਖੀ ਬਾਣਾ ਧਾਰਿਆ। ਅਸੀਂ ਪੜ੍ਹਦੇ ਹਾਂ,

> ਕਿਉਂ ਜੋ ਸਾਡਾ ਪਰਧਾਨ ਜਾਜਕ ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿੱਚ ਸਾਡਾ ਦਰਦੀ ਨਾ ਹੋ ਸੱਕੇ ਸਗੋਂ ਸਾਰੀਆਂ ਗੱਲਾਂ ਵਿੱਚ ਸਾਡੇ ਵਾਂਙੁ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ। ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ (ਇਬਰਾਨੀਆਂ 4:15, 16)।

ਪਰਮੇਸ਼ੁਰ ਦੇ ਲੋਕ ਉਨ੍ਹਾਂ ਦੇ ਇਤਹਾਸ ਵਿਚਲੇ ਅਦਭੁਤ ਕਾਰਿਆਂ ਤੋਂ ਸਿਆਣੇ ਜਾਂਦੇ ਹਨ। ਅਕਾਸ਼ ਵਿੱਚ ਸਤਰੰਗੀ ਪੀਂਘ ਤੋਂ ਲੈ ਕੇ (ਉਤਪਤ 9:13) ਜੁਬਲੀ ਵੇਲੇ ਦੀਆਂ ਤੁਰ੍ਹੀਆਂ ਤੱਕ (ਲੇਵੀਆਂ 25:9-12), ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਹਮੇਸ਼ਾਂ ਯਾਦਗੀਰੀਆਂ ਦਿੱਤੀਆਂ ਹਨ। ਜਦ ਪਰਮੇਸ਼ੁਰ ਨੇ ਇਸਰਾਏਲ ਨੂੰ ਆਪਣੀ ਪਰਜਾ ਐਲਾਨਿਆ, ਤਾਂ ਉਸ ਨੇ ਇਸ ਘਟਨਾ ਦੀ ਯਾਦਗੀਰੀ ਵਜੋਂ ਉਨ੍ਹਾਂ ਨੂੰ ਪਸਾਹ ਦਾ ਪਰਬ ਦਿੱਤਾ। ਮਾਰੂਥਲ ਵਿੱਚ ਬਿਤਾਏ ਚਾਲ੍ਹੀ ਵਰ੍ਹਿਆਂ ਦੀ ਯਾਦਗੀਰੀ ਵਿੱਚ ਸਾਰੇ ਰਾਸ਼ਟਰ ਨੇ ਨੌਵੇਂ ਮਹੀਨੇ ਵਿੱਚ ਝੋਪੜੀਆਂ ਖੜ੍ਹੀਆਂ ਕੀਤੀਆਂ ਅਤੇ ਉਨ੍ਹਾਂ ਵਿੱਚ ਸੁੱਤੇ। ਜਦ ਇਸਰਾਏਲ ਨੇ ਯਰਦਨ ਨਦੀ ਨੂੰ ਪਾਰ ਕੀਤਾ ਤਾਂ ਯਹੋਸ਼ੁਆ ਨੇ ਲੋਕਾਂ ਨੂੰ ਨਦੀ ਦੇ ਤਲ ਤੋਂ ਬਾਰਾਂ ਪੱਥਰ ਚੁੱਕਣ ਲਈ ਅਤੇ ਉਨ੍ਹਾਂ ਨੂੰ ਯਾਦਗੀਰੀ ਲਈ ਖੜ੍ਹਾ ਕਰਨ ਵਾਸਤੇ ਆਖਿਆ (ਯਹੋਸ਼ੁਆ 4:20, 21)। ਲੋਕ ਤਾਂ ਉਹ ਘਟਨਾਵਾਂ ਵੀ ਭੁੱਲ ਜਾਂਦੇ ਹਨ ਜਿਹੜੀਆਂ ਉਨ੍ਹਾਂ ਦੇ ਲਈ ਸਭ ਤੋਂ ਵਧ ਪਿਆਰੀਆਂ ਹਨ – ਇੱਥੋਂ ਤੱਕ ਕਿ ਉਨ੍ਹਾਂ ਨਾਲ ਭਲਿਆਈ ਕਰਨ ਵਾਲੇ ਲੋਕਾਂ ਤੱਕ ਨੂੰ ਵੀ ਭੁੱਲ ਜਾਂਦੇ ਹਨ। ਰੋਟੀ ਤੋੜਨ ਅਤੇ ਪਿਆਲੇ ਵਿੱਚੋਂ ਪੀਣ ਵੇਲੇ ਮਸੀਹੀ ਲੋਕ ਪਿਛਾਂਹ ਝਾਤੀ ਮਾਰਦੇ ਹਨ; ਅਸੀਂ ਆਪਣੇ ਨਾਲ ਦੇ ਸਾਥੀਆਂ ਅਤੇ ਸਾਥੋਂ ਅਗਾਂਹ ਨਿੱਕਲ ਚੁੱਕੇ ਸਭਨਾਂ ਵਿਸ਼ਵਾਸੀਆਂ ਦੇ ਨਾਲ ਆਪਣੇ ਹਿਰਦਿਆਂ ਨੂੰ ਜੋੜਦੇ ਹਾਂ। ਅਸੀਂ ਚੇਤੇ ਕਰਦੇ ਹਾਂ।

ਪਰਮੇਸ਼ੁਰ ਨੇ ਆਪਣੇ ਨੇਮ ਦੀ ਪਾਲਨਾ ਕੀਤੀ ਹੈ; ਉਸ ਨੇ ਆਪਣੇ ਆਪ ਨੂੰ ਖਾਲੀ ਕੀਤਾ ਅਤੇ ਮਨੁੱਖ ਬਣ ਗਿਆ (ਫ਼ਿਲਿੱਪੀਆਂ 2:6, 7)। ਉਸ ਨੇ ਪਾਪ ਵਿੱਚ ਗੁਆਚੇ ਲੋਕਾਂ ਨੂੰ ਬਚਾਉਣ ਲਈ ਕਸ਼ਟ ਭੋਗੇ ਅਤੇ ਆਪਣੀ ਜਾਨ ਦੇ ਦਿੱਤੀ। ਪ੍ਰਭੂ ਭੋਜ ਵਿੱਚ ਵਿਸ਼ਵਾਸੀ ਲੋਕ ਉਸ ਦੇ ਤੋੜੇ ਗਏ ਸਰੀਰ ਅਤੇ ਵਹਾਏ ਗਏ ਲਹੂ ਨੂੰ ਚੇਤੇ ਕਰਦੇ ਹਨ।

*ਚੁਫੇਰੇ ਵੇਖਣਾ:* ਰੋਟੀ ਤੋੜਨ ਵੇਲੇ ਮਸੀਹੀ ਲੋਕ ਪਿਛਾਂਹ ਵੇਖਦੇ ਹਨ; ਅਤੇ ਨਾਲ ਹੀ ਚੁਫੇਰੇ ਵੀ ਵੇਖਦੇ ਹਨ। ਪ੍ਰਭੂ ਭੋਜ ਮਸੀਹ ਦੇ ਸਰੀਰ ਵਿੱਚ ਇੱਕ ਸੰਗਤੀ ਹੈ। ਸਾਂਝੀ ਰੋਟੀ ਅਤੇ ਪਿਆਲਾ ਇੱਕ ਸਾਂਝੀ ਨਿਹਚਾ ਨੂੰ ਦਰਸਾਉਂਦੇ ਹਨ। ਪ੍ਰਭੂ ਭੋਜ ਵਿੱਚ ਅਸੀਂ ਇਹ ਇਕਰਾਰ ਕਰਨ ਵਿੱਚ, ਕਿ ਯਿਸੂ ਹੀ ਮਸੀਹ ਹੈ, ਇੱਕ ਦੂਜੇ ਦਾ ਸਹਿਯੋਗ ਅਤੇ ਸਮਰਥਨ ਕਰਦੇ ਹਾਂ। ਪੌਲੁਸ ਨੇ ਪੁੱਛਿਆ, "ਉਹ ਬਰਕਤ ਦਾ ਪਿਆਲਾ ਜਿਹ ਦੇ ਉੱਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ ਮਸੀਹ ਦੇ ਲਹੂ ਦੀ ਸਾਂਝ ਨਹੀਂ? ਉਹ ਰੋਟੀ ਜਿਹ ਨੂੰ ਅਸੀਂ ਤੋੜਦੇ ਹਾਂ ਕੀ ਉਹ ਮਸੀਹ ਦੇ ਸਰੀਰ ਦੀ ਸਾਂਝ ਨਹੀਂ?" (1 ਕੁਰਿੰਥੀਆਂ 10:16)। ਪ੍ਰਭੂ ਭੋਜ ਮਸੀਹ ਦੇ ਜੀਉਂਦੇ ਸਰੀਰ ਬਾਰੇ ਹੈ, ਜਿਸ ਨੂੰ ਆਤਮਾ ਨੇ ਸੰਭਾਲਿਆ ਹੋਇਆ ਹੈ, ਜੋ ਇਸ ਸੰਸਾਰ ਵਿੱਚ ਪਾਪ ਦੇ ਵਿਰੁੱਧ ਸੰਘਰਸ਼ ਕਰਦਾ ਹੈ। ਇਹ ਇੱਕ ਸੰਗਤੀ ਹੈ – ਇੱਕ ਦੂਜੇ ਨਾਲ ਸੰਗਤੀ ਅਤੇ ਮਸੀਹ ਨਾਲ ਸੰਗਤੀ। ਵਿਸ਼ਵਾਸੀ ਹੋਣ ਦੇ ਨਾਤੇ ਅਸੀਂ ਪਿਆਲੇ ਵਿੱਚੋਂ ਪੀਂਦੇ ਅਤੇ ਰੋਟੀ ਤੋੜਦੇ ਹਾਂ; ਪਰ ਅਸੀਂ ਪਰਮੇਸ਼ੁਰ ਦੇ ਲੋਕਾਂ ਵਜੋਂ ਰਲ ਕੇ ਇਹ ਕਰਦੇ ਹਾਂ। ਜਦ ਕਲੀਸਿਆ ਪ੍ਰਭੂ ਭੋਜ ਵਿੱਚ ਸ਼ਾਮਿਲ ਹੁੰਦੀ ਹੈ, ਤਾਂ ਅਸੀਂ ਇੱਕ ਯਾਦਗੀਰੀ ਨੂੰ ਮਨਾਉਂਦੇ ਹਾਂ, ਉਵੇਂ ਹੀ ਜਿਵੇਂ ਸਦੀਆਂ ਤੋਂ ਸਾਡੇ ਵਿਸ਼ਵਾਸੀ ਪਿਤਾ ਅਤੇ ਮਾਤਾ ਮਨਾਉਂਦੇ ਆ ਰਹੇ ਹਨ।

ਪ੍ਰਭੂ ਭੋਜ ਵਿਚਲੀ ਸੰਗਤੀ ਸਿਰਫ ਇੱਕ ਮੰਡਲੀ ਨਾਲੋਂ ਕਿਤੇ ਅਗਾਂਹ ਤੱਕ ਜਾਂਦੀ ਹੈ। ਸਥਾਨ ਅਤੇ ਸਮੇਂ ਦੀਆਂ ਹੱਦਾਂ ਤੋਂ ਪਰੇ ਇੱਕ ਦੂਜੇ ਨਾਲ ਜੁੜੇ ਹੋਏ ਪਰਮੇਸ਼ੁਰ ਦੇ ਲੋਕ, ਮਸੀਹ ਦੀ ਕਲੀਸਿਆ ਦੇ ਮੈਂਬਰ, ਦੇਸਾਂ ਦੀਆਂ ਹੱਦਾਂ ਤੋਂ ਵੀ ਪਾਰ ਹੋ ਕੇ ਇੱਕ ਦੂਜੇ ਨੂੰ ਨਿਹਚਾ ਵਿੱਚ ਸਹਿਯੋਗ ਕਰਦੇ ਹਨ। ਜਦ ਪ੍ਰਭੂ ਦਾ ਦਿਨ ਪ੍ਰਸ਼ਾਂਤ ਮਹਾਸਾਗਰ ਦੇ ਕਿਸੇ ਇਲਾਕੇ ਵਿੱਚ ਅਰੰਭ ਹੁੰਦਾ ਹੈ ਤਾਂ ਵਿਸ਼ਵਾਸੀ ਇਕੱਠੇ ਹੋ ਕੇ ਅਰਾਧਨਾ ਕਰਦੇ ਹਨ। ਪ੍ਰਭੂ ਭੋਜ ਰਾਹੀਂ ਉਹ ਆਪਣੀ ਸਾਂਝੀ ਨਿਹਚਾ ਨੂੰ ਪਰਗਟ ਕਰਦੇ ਹਨ: ਮਸੀਹ ਦੀ ਮੌਤ ਮਨੁੱਖੀ ਪਾਪਾਂ ਦੇ ਲਈ ਹੋਈ ਅਤੇ ਫਿਰ ਮਸੀਹ ਮ੍ਰਿਤਕਾਂ ਵਿੱਚੋਂ ਜੀ ਉੱਠਿਆ। ਪ੍ਰਭੂ ਦੇ ਦਿਨ ਅਤੇ ਪ੍ਰਭੂ ਭੋਜ ਦੇ ਵਸੀਲੇ ਨਾਲ ਵਿਸ਼ਵਾਸੀ ਛੁਡਾਏ ਹੋਏ ਲੋਕਾਂ ਦੀ ਇੱਕ ਵੱਡੀ ਮੰਡਲੀ ਦਾ ਹਿੱਸਾ ਬਣ ਗਏ ਹਨ। ਪ੍ਰਭੂ ਭੋਜ ਵਿੱਚ ਸ਼ਾਮਲ ਹੋ ਕੇ ਅਸੀਂ ਉਸ ਜੀਵਨਸ਼ੈਲੀ ਦੇ ਪ੍ਰਤੀ ਸਾਂਝਾ ਸਮਰਪਣ ਕਰਦੇ ਹਾਂ ਜਿਸ ਨੂੰ ਮਸੀਹ ਨੇ ਦਰਸਾਇਆ ਸੀ, ਅਤੇ ਅਸੀਂ ਇਕੱਠੇ ਸਦੀਪਕ ਜੀਵਨ ਦੀ ਉਡੀਕ ਕਰਦੇ ਹਾਂ। ਪ੍ਰਭੂ ਭੋਜ ਪਿਛਾਂਹ ਵੇਖਣਾ ਹੈ, ਪਰ ਨਾਲ ਹੀ ਇਹ ਚੁਫੇਰੇ ਵੇਖਣਾ ਵੀ ਹੈ ਕਿਉਂਕਿ ਅਸੀਂ ਇੱਕ ਦੂਜੇ ਤੋਂ ਸਿੱਖਦੇ ਹਾਂ, ਇੱਕ ਦੂਜੇ ਨਾਲ ਵਧਦੇ ਹਾਂ, ਇੱਕ ਦੂਜੇ ਨੂੰ ਸੁਧਾਰਦੇ ਹਾਂ, ਇੱਕ ਦੂਜੇ ਦਾ ਸਹਿਯੋਗ ਕਰਦੇ ਹਾਂ, ਅਤੇ ਇੱਕ ਦੂਜੇ ਦੀ ਚਿੰਤਾ ਕਰਦੇ ਹਾਂ।

ਮਸੀਹੀ ਹੋਣਾ ਸਿਰਫ ਇੱਕ ਅਜਿਹਾ ਫੈਸਲਾ ਨਹੀਂ ਹੈ ਜਿਸ ਨੂੰ ਇੱਕ ਵਿਅਕਤੀ ਆਪਣੇ ਅਤੇ ਪ੍ਰਭੂ ਵਿਚਕਾਰ ਲੈਂਦਾ ਹੈ। ਇਹ ਤਾਂ ਪ੍ਰਭੂ ਦੇ ਸਰੀਰ ਦਾ ਹਿੱਸਾ ਬਣ ਕੇ ਜੀਵਨ ਗੁਜ਼ਾਰਨਾ ਵੀ ਹੈ। ਯਿਸੂ ਅਤੇ ਉਸ ਦੇ ਸਰੀਰ, ਕਲੀਸਿਆ, ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਪ੍ਰਭੂ ਭੋਜ ਸਾਰੇ ਸਰੀਰ ਵੱਲੋਂ ਕੀਤਾ ਜਾਣ ਵਾਲਾ ਇੱਕ ਅਨੁਭਵ ਹੈ।

*ਭਵਿੱਖ ਵਿੱਚ ਵੇਖਣਾ:* ਇੱਕ ਯਾਦਗੀਰੀ ਅਤੇ ਨਿਹਚਾ ਦਾ ਸਾਂਝਾ ਇਕਰਾਰ ਹੋਣ ਦੇ ਨਾਲ-ਨਾਲ ਪ੍ਰਭੂ ਭੋਜ ਇੱਕ ਪ੍ਰਤਿੱਗਿਆ ਦਾ ਗਵਾਹ ਵੀ ਹੈ। ਇਹ ਭਵਿੱਖ ਵਿੱਚ ਸੁਰਗ ਵੱਲ

ਵੇਖਣ ਦਾ ਸੱਦਾ ਵੀ ਹੈ। ਰੋਟੀ ਅਤੇ ਪਿਆਲਾ ਮਸੀਹੀਆਂ ਨੂੰ ਚੇਤੇ ਕਰਾਉਂਦੇ ਹਨ ਕਿ ਪ੍ਰਭੂ ਨੇ ਵਾਪਿਸ ਆਉਣ ਦੀ ਪ੍ਰਤਿੱਗਿਆ ਕੀਤੀ ਹੈ। ਪੌਲੁਸ ਨੇ ਲਿਖਿਆ, "ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ" (11:26)। ਗੈਰਧਾਰਮਿਕ ਸੰਸਾਰ ਇਸ ਗੱਲ ਦਾ ਖੰਡਣ ਕਰਦਾ ਹੈ ਕਿ ਸਮਾਂ ਖਤਮ ਹੋ ਰਿਹਾ ਹੈ। ਨਾਸਤਿਕ ਲੋਕ ਸੋਚਦੇ ਹਨ ਕਿ ਕਿਸੇ ਉਲਕਾ ਕੇਤੂ ਦੇ ਧਰਤੀ ਨਾਲ ਟਕਰਾਉਣ ਕਾਰਨ ਸੰਸਾਰ ਦਾ ਅੰਤ ਹੋ ਜਾਵੇਗਾ, ਜਾਂ ਫਿਰ ਮਨੁੱਖ ਆਪ ਹੀ ਐਟਮੀ ਬੰਬਾਂ ਨਾਲ ਇਸ ਨੂੰ ਨਾਸ ਕਰ ਦੇਣਗੇ। ਭਗਤੀਹੀਣ ਲੋਕਾਂ ਦੀਆਂ ਨਜ਼ਰਾਂ ਵਿੱਚ ਇਹ ਕਿਸਮਤ ਦੀ ਖੇਡ ਹੈ ਅਤੇ ਜੋ ਕੁਝ ਵੀ ਹੋਵੇਗਾ ਉਹ ਅਸਲ ਵਿੱਚ ਕੋਈ ਮਾਇਨੇ ਨਹੀਂ ਰੱਖਦਾ।

ਖੁਸ਼ ਖ਼ਬਰੀ ਦੇ ਸੁਨੇਹੇ ਦਾ ਇੱਕ ਮੁੱਢਲਾ ਹਿੱਸਾ ਇਹ ਹੈ ਕਿ ਇਤਹਾਸ ਇੱਕ ਅੰਤ ਵੱਲ ਅਗਾਂਹ ਵਧ ਰਿਹਾ ਹੈ। ਇਸ ਧਰਤੀ ਦਾ ਭਵਿੱਖ ਕਿਸਮਤ ਜਾਂ ਹਾਲਾਤ ਦੇ ਹੱਥ ਵਿੱਚ ਨਹੀਂ ਹੈ। ਜਿਹੜਾ ਪ੍ਰਭੂ ਇਸ ਧਰਤੀ ਉੱਤੇ ਯਿਸੂ ਨਾਸਰੀ ਵਜੋਂ ਆਇਆ ਸੀ, ਉਹੀ ਸਾਡੇ ਮੁਕਤੀਦਾਤਾ ਅਤੇ ਨਿਆਈ ਵਜੋਂ ਪਰਗਟ ਹੋਵੇਗਾ। ਜਦ ਮਸੀਹੀ ਲੋਕ ਪ੍ਰਭੂ ਭੋਜ ਵਿੱਚ ਸ਼ਾਮਲ ਹੁੰਦੇ ਹਨ, ਤਾਂ ਇਹ ਮ੍ਰਿਤਕਾਂ ਵਿੱਚੋਂ ਜੀ ਉੱਠੇ ਪ੍ਰਭੂ ਨੂੰ ਚੇਤੇ ਕਰਨ ਦਾ ਸਮਾਂ ਹੁੰਦਾ ਹੈ, ਉਹੀ ਪ੍ਰਭੂ ਜੋ ਵਾਪਿਸ ਆਵੇਗਾ। ਇਹ ਵਿਸ਼ਵਾਸੀਆਂ ਲਈ ਇਹ ਸਿਆਣਨ ਦਾ ਸਮਾਂ ਹੈ ਕਿ ਇਹ ਸੰਸਾਰ ਅਤੇ ਮਨੁੱਖਜਾਤੀ ਕਿਸੇ ਦਿਸ਼ਾ ਵਿੱਚ ਅਗਾਂਹ ਵਧ ਰਹੇ ਹਨ। ਕਲੀਸਿਆ ਇਹ ਸਿਆਣਦੀ ਹੈ ਕਿ ਪਰਮੇਸ਼ੁਰ ਦਾ ਆਪਣੇ ਸੰਸਾਰ ਉੱਤੇ ਪੂਰਾ ਨਿਯੰਤ੍ਰਣ ਹੈ।

*ਸਿੱਟਾ:* ਪ੍ਰਭੂ ਭੋਜ ਨਿਹਚਾ ਦੀ ਪ੍ਰਮਾਣਿਕਤਾ ਹੈ, ਇਹ ਪਿਛਾਂਹ ਵੇਖਣਾ ਹੈ। ਇਹ ਮਸੀਹ ਨਾਲ ਅਤੇ ਸਾਡੀ ਨਿਹਚਾ ਵਿੱਚ ਸਾਂਝੀ ਲੋਕਾਂ ਦੇ ਨਾਲ ਸਾਡੀ ਸੰਗਤੀ ਹੈ; ਇਸ ਕਰਕੇ ਇਹ ਚੁਫੇਰੇ ਵੇਖਣਾ ਹੈ। ਇਹ ਉਮੀਦ ਅਤੇ ਆਸ ਦਾ ਇੱਕ ਭਾਵ ਹੈ, ਇਸ ਕਰਕੇ ਇਹ ਭਵਿੱਖ ਵਿੱਚ ਵੇਖਣਾ ਹੈ। ਪ੍ਰਭੂ ਭੋਜ ਜੀਵਨ ਦੀ ਪੁਸ਼ਟੀ, ਆਸ ਦੀ ਪੁਸ਼ਟੀ, ਅਤੇ ਸਮਾਜ ਦੀ ਪੁਸ਼ਟੀ ਕਰਨ ਦਾ ਸਮਾਂ ਹੈ। ਇਹ ਉਨ੍ਹਾਂ ਗੱਲਾਂ ਉੱਤੇ ਕੇਂਦਰਿਤ ਹੈ ਜੋ ਹੋ ਚੁੱਕੀਆਂ ਹਨ, ਜੋ ਹੋ ਰਹੀਆਂ ਹਨ, ਅਤੇ ਜੋ ਹੋਣ ਵਾਲੀਆਂ ਹਨ। ਇਹ ਸਾਡੇ ਮਨਾਂ ਨੂੰ ਸਲੀਬ ਉੱਤੇ ਕੇਂਦਰਿਤ ਕਰਦਾ ਹੈ। ਇੱਕੋ ਘਟਨਾ ਵਿੱਚ ਮਸੀਹ ਨੇ ਉਸ ਚਿੰਨ੍ਹ ਨੂੰ, ਜਿਹੜਾ ਰੋਮੀ ਸੰਸਾਰ ਵਿੱਚ ਹਾਰ ਦਾ ਪ੍ਰਤੀਕ ਸੀ, ਜਿੱਤ ਦੇ ਪ੍ਰਤੀਕ ਵਿੱਚ ਬਦਲ ਦਿੱਤਾ। ਪ੍ਰਭੂ ਭੋਜ ਆਖਦਾ ਹੈ ਕਿ ਬਚਾਏ ਗਏ ਲੋਕਾਂ ਦਾ ਪਰਮੇਸ਼ੁਰ ਦੇ ਨਾਲ ਇੱਕ ਨੇਮ ਸਥਾਪਿਤ ਹੈ।

---

ਟਿੱਪਣੀਆਂ

[1]ਐਨਥਨੀ ਸੀ. ਥਿਸੇਲਟਨ, "ਰਿਅਲਾਈਜ਼ਡ ਐਸਕੈਟੋਲੋਜੀ ਐਟ ਕੁਰਿੰਥ," *ਨਿਊ ਟੈਸਟਾਮੈਂਟ ਸਟੱਡੀਜ਼* 24 (ਜੁਲਾਈ 1978): 521. [2]ਰਿਚਰਡ ਈ. ਓਸਟਰ, ਜੂਨੀਅਰ, *1 ਕੁਰਿੰਥੀਅਨਜ਼*, **ਦਿ** ਕਾਲੇਜ ਪ੍ਰੈਸ NIV ਕਮੈਂਟ੍ਰੀ (ਜੋਪਲਿਨ, ਮਿਜ਼ੂਰੀ: ਕਾਲੇਜ ਪ੍ਰੈਸ ਪਬਲਿਸ਼ਿੰਗ ਕੰਪਨੀ, 1995), 253-75; ਰਿਚਰਡ ਓਸਟਰ, "ਵੈੱਨ ਮੈੱਨ ਵੋਰ ਵੇਲਸ ਟੂ ਵਰਸ਼ਿਪ: ਦਿ ਹਿਸਟੋਰਿਕਲ ਕਾਂਟੈਕਸਟ ਆਫ 1 ਕੁਰਿੰਥੀਅਨਜ਼ 11:4," *ਨਿਊ ਟੈਸਟਾਮੈਂਟ ਸਟੱਡੀਜ਼* 34 (ਅਕਤੂਬਰ 1988): 481-505. [3]ਓਸਟਰ, *1 ਕੁਰਿੰਥੀਅਨਜ਼*, 258. [4]ਜੋਸੇਫ ਏ. ਫਿਟਜ਼ਮਾਯਰ, "ਅਨਦਰ ਲੁਕ ਐਟ ΚΕΦΑΛΗ ਇਨ 1 ਕੁਰਿੰਥੀਅਨਜ਼ 11:3," *ਨਿਊ ਟੈਸਟਾਮੈਂਟ ਸਟੱਡੀਜ਼* 35 (ਅਕਤੂਬਰ

1989): 510. ਵੇਨ ਗ੍ਰੂਡਮ, "ਡਜ਼ Κεφαλη ('ਹੈੱਡ') ਮੀਨ 'ਸੋਰਸ' ਔਰ 'ਅਥਾਰਿਟੀ ਓਵਰ' ਇਨ ਗ੍ਰੀਕ ਲਿਟਰੇਚਰ? ਵਿੱਚ ਇੱਕ ਵਧੀਆ ਚਰਚਾ ਪੇਸ਼ ਕੀਤੀ ਗਈ ਹੈ। ਏ ਸੋਰਸ ਆਫ 2,336 ਐਕਜ਼ੈਮਪਲਸ," *ਟ੍ਰਿਨਿਟੀ ਜਰਨਲ,* ਨਿਊ ਸੀਰੀਜ਼ 6 (ਸਪਰਿੰਗ 1985): 38-59. [5]ਵਾਲਟਰ ਕੇ. ਲੇਸੀ ਨੇ ਗੌਰ ਕੀਤਾ ਕਿ ਮੱਧ ਅਤੇ ਨੀਵੇਂ ਵਰਗ ਦੀਆਂ ਇਸਤਰੀਆਂ "ਲਗਭਗ ਹਰ ਵੇਲੇ ਆਪਣੇ ਘਰ ਹੀ ਰਹਿੰਦੀਆਂ ਸਨ" (ਵਾਲਟਰ ਕੇ. ਲੇਸੀ, "ਵੂਮਨ, ਪੋਜ਼ਿਸ਼ਨ ਆਫ," *ਦਿ ਔਕਸਫੋਰਡ ਕਲਾਸਿਕਲ ਡਿਕਸ਼ਨਰੀ,* ਦੂਜਾ ਸੰਸਕਰਨ ਵਿੱਚ। [ਔਕਸਫੋਰਡ: ਕਲੈਰੇਂਡਨ ਪ੍ਰੈਸ, 1970], 1139)। [6]ਜੈਕ ਪੀ. ਲੂਈਸ ਦਾ ਦ੍ਰਿਸ਼ਟੀਕੋਣ ਵੱਖਰਾ ਸੀ। ਉਨ੍ਹਾਂ ਨੇ ਤਰਕ ਪੇਸ਼ ਕੀਤਾ ਕਿ ਜਦ 1 ਕੁਰਿੰਥੀਆਂ 11:4-16 ਵਿੱਚ ਪੌਲੁਸ ਨੇ ਸਿਰ ਕੱਜਣ ਬਾਰੇ ਗੱਲ ਕੀਤੀ ਤਾਂ ਮਸਲਾ ਮੰਡਲੀ ਦਾ ਨਹੀਂ ਸੀ ਅਤੇ ਮੰਡਲੀ ਦਾ ਜ਼ਿਕਰ ਤਾਂ 11:17, 18 ਵਿੱਚ ਜਾ ਕੇ ਹੁੰਦਾ ਹੈ। (ਜੈਕ ਪੀ. ਲੂਈਸ, "ਦਿ ਰੋਲ ਆਫ ਵੂਮਨ ਇਨ ਦਿ ਅਸੈਂਬਲੀ: ਅਪਿਸਟਲ ਆਫ ਪੌਲ," *ਦੀਜ਼ ਥਿੰਗਸ ਆਰ ਰਿਟਨ: ਬਾਈਬਲ ਲੈਕਚਰਸ ਪ੍ਰੈਜ਼ੈਂਟੇਡ ਐਟ ਹਾਰਡਿੰਗ ਫ੍ਰੋਮ 1952 ਟੂ 2012* [ਸੀਅਰਸੀ, ਆਰਕੰਸੋ: ਟ੍ਰੁੱਥ ਫਾਰ ਟੁਡੇ ਵਰਲਡ ਮਿਸ਼ਨ ਸਕੂਲ, 2013], 700-2 ਵਿੱਚ।) [7]ਬੇਨ ਵਿਦਰਿੰਗਟਨ III, *ਕੋਨਫਲਿਕਟ ਐਂਡ ਕਮਿਊਨਿਟੀ ਇਨ ਕੁਰਿੰਥ: ਏ ਸ਼ੋਸ਼ਿਓ-ਰਿਟੋਰਿਕਲ ਕਮੈਂਟ੍ਰੀ ਆਨ 1 ਐਂਡ 2 ਕੁਰਿੰਥੀਅਨਜ਼* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 232. [8]ਓਸਟਰ, "ਵੈੱਨ ਮੈੱਨ ਵੋਰ ਵੇਲਸ," 493-97. ਗੋਰਡਨ ਡੀ. ਫੀ ਦਾ ਇਹ ਆਖਣਾ ਗਲਤ ਸੀ ਕਿ ਯੂਨਾਨੀ, ਰੋਮੀ, ਅਤੇ ਯਹੂਦੀ ਸਭਿਆਚਾਰ ਵਿੱਚ ਸਿਰ ਕੱਜਣ ਬਾਰੇ ਪ੍ਰਮਾਣਾਂ ਦੀ ਘਾਟ ਹੈ। (ਗੋਰਡਨ ਡੀ. ਫੀ, *ਦਿ ਫਰਸਟ ਅਪਿਸਟਲ ਟੂ ਦਿ ਕੁਰਿੰਥੀਅਨਜ਼,* ਦਿ ਨਿਊ ਇੰਟਰਨੈਸ਼ਨਲ ਕਮੈਂਟ੍ਰੀ ਆਨ ਦਿ ਨਿਊ ਟੈਸਟਾਮੈਂਟ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987], 507-8.) [9]ਓਸਟਰ, "ਵੈੱਨ ਮੈੱਨ ਵੋਰ ਵੇਲਸ," 504. ਓਸਟਰ ਦਾ ਤਰਕ ਹੋਰ ਵੀ ਤਕੜਾ ਹੋ ਸਕਦਾ ਸੀ ਜੇਕਰ ਉਨ੍ਹਾਂ ਨੇ ਇਹ ਦਰਸਾਇਆ ਹੁੰਦਾ ਕਿ ਜਾਂ ਤਾਂ ਪੈਲੇਸਟਾਈਨ ਜਾਂ ਫਿਰ ਖਿੰਡੇ ਹੋਏ ਯਹੂਦੀਆਂ ਦੇ ਸੰਦਰਭ ਵਿੱਚ ਸਿਰ ਕੱਜਣ ਦਾ ਅਰਥ ਇਸਤਰੀਆਂ ਦੀ ਅਧੀਨਤਾ ਸੀ। ਕਿਉਂ ਜੋ ਅਫ਼ਸੀਆਂ 5:23 ਦੀ ਪ੍ਰਾਸੰਗਿਕਤਾ ਪੁਰਸ਼ਾਂ ਅਤੇ ਇਸਤਰੀਆਂ ਵਿਚਕਾਰਲੇ ਸੰਬੰਧਾਂ ਦੇ ਵੱਡੇ ਪ੍ਰਸ਼ਨ ਬਾਰੇ ਹੋ ਸਕਦੀ ਹੈ, ਇਸ ਕਰਕੇ ਇਹ ਗੱਲ ਹੈਰਾਨੀਜਨਕ ਹੈ ਕਿ ਓਸਟਰ ਇਸ ਆਇਤ ਨੂੰ ਚਰਚਾ ਵਿੱਚੋਂ ਹਟਾਉਣਾ ਚਾਹੁੰਦੇ ਸਨ। [10]ਐਵਰੇੱਟ ਫਰਗੁਸਨ, "ਆਫ ਵੇਲਸ ਐਂਡ ਵਰਜੰਸ: ਗ੍ਰੀਕ, ਰੋਮਨ, ਜਿਊਇਸ਼, ਐਂਡ ਅਰਲੀ ਕ੍ਰਿਸ਼ਚਿਅਨ ਪ੍ਰੈਕਟਿਸ," *ਰੈਸਟੋਰੇਸ਼ਨ ਕੁਆਰਟਰਲੀ* 56 (ਫੋਰਥ ਕੁਆਰਟਰ 2014): 241.

[11]ਉਪਰੋਕਤ. [12]ਵਿਲਿਅਮ ਐੱਫ. ਓੱਰ ਐਂਡ ਜੇਮਸ ਆਰਥਰ ਵਾਲਦਰ, *1 ਕੁਰਿੰਥੀਅਨਜ਼,* ਦਿ ਐਂਕਰ ਬਾਈਬਲ (ਗਾਰਡਨ ਸਿਟੀ, ਨਿਊ ਯੋਰਕ: ਡਬਲਡੇ ਐਂਡ ਕੰਪਨੀ, 1976), 260. [13]ਹੈਂਸ ਕੋਂਜ਼ਲਮਨ, *1 ਕੁਰਿੰਥੀਅਨਜ਼,* ਅਨੁਵਾਦਕ ਜੇ. ਡਬਲਿਉ. ਲੀਸ਼, ਹਰਮੇਨੇਇਆ (ਫਿਲਾਡੇਲਫੀਆ: ਫੋਰਟਰਸ ਪ੍ਰੈਸ, 1975), 185. [14]ਡੇਵਿਡ ਈ. ਗਾਰਲੈਂਡ, *1 ਕੁਰਿੰਥੀਅਨਜ਼,* ਬੇਕਰ ਐਕਸਿਜਿਟਿਕਲ ਕੰਮੈਂਟ੍ਰੀ ਆਨ ਦਿ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਅਕੈਡੇਮਿਕ, 2003), 520. [15]ਗਾਰਲੈਂਡ, 529. [16]ਹੇਰੋਡੋਟੁਸ *ਪਰਸ਼ਿਅਨ ਵਾਰਸ* 1.82.7. [17]ਗਾਰਲੈਂਡ, 534-35. [18]ਗਰਡ ਥੇਇਸੇਨ, *ਦਿ ਸੋਸ਼ਲ ਸੈਟਿੰਗ ਆਫ ਪੌਲੀਨ ਕ੍ਰਿਸ਼ਚਿਐਨਿਟੀ: ਐੱਸੇ ਆਨ ਕੁਰਿੰਥ,* ਅਨੁਵਾਦਕ ਅਤੇ ਸੰਪਾਦਕ ਜੌਨ ਐੱਚ ਸ਼ੁਟਜ਼ (ਫਿਲਾਡੇਲਫੀਆ: ਫੋਰਟਰਸ ਪ੍ਰੈਸ, 1982), 148-49. [19]ਰੇਮੰਡ ਸੀ. ਕੇਲਸੀ ਦੇ ਅਨੁਸਾਰ ਕੁਰਿੰਥੁਸ ਦੇ ਵਿਸ਼ਵਾਸੀ "ਪ੍ਰਭੂ ਭੋਜ ਤੋਂ ਪਹਿਲਾਂ" ਸਧਾਰਨ ਭੋਜਨ ਖਾਂਦੇ ਸਨ (ਰੇਮੰਡ ਸੀ. ਕੇਲਸੀ, *ਫਰਸਟ ਕੁਰਿੰਥੀਅਨਜ਼,* ਦ ਲਿਵਿੰਗ ਵਰਡ ਸੀਰੀਜ਼ (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1967), 51-52). ਇਹ ਕ੍ਰਮ ਕਿ ਪ੍ਰਭੂ ਭੋਜ ਸਧਾਰਨ ਭੋਜਨ ਤੋਂ ਬਾਅਦ ਲਿਆ ਜਾਂਦਾ ਸੀ, 11:33 ਵਿੱਚ ਪ੍ਰਤੀਤ ਹੁੰਦਾ ਹੈ: ". . . ਜਾਂ ਤੁਸੀਂ [ਸਧਾਰਨ ਭੋਜਨ] ਖਾਣ ਲਈ ਇਕੱਠੇ ਹੋਵੋ ਤਾਂ, ਇੱਕ ਦੂਏ ਦੀ ਉਡੀਕ ਕਰੋ।" [20]ਕਲੀਸਿਆ ਦੇ ਅਰੰਭ ਵੇਲੇ ਦੀਆਂ ਲਿਖਤਾਂ ਵਿੱਚ ਇਸ ਸ਼ਬਦ ਬਾਰੇ ਜਾਣਕਾਰੀ ਜੀ. ਡਬਲਿਉ. ਐੱਚ. ਲੈਂਪ, *ਏ ਪੈਟ੍ਰਿਸਟਿਕ ਗ੍ਰੀਕ ਲੈਕਸੀਕਨ* (ਔਕਸਫੋਰਡ: ਕਲੇਰੈਂਡਨ ਪ੍ਰੈਸ, 1961), 785-86 ਵਿੱਚ ਦਿੱਤੀ ਗਈ ਹੈ।

[21]ਸ਼ਾਇਦ ਕੁਰਿੰਥੁਸ ਦੇ ਸਧਾਰਨ ਭੋਜਨ ਦੀ ਤੁਲਨਾ ਯਹੂਦਾਹ 12 ਅਤੇ 2 ਪਤਰਸ 2:13 ਵਿਚਲੇ "ਪ੍ਰੇਮ ਭੋਜਨਾਂ" ਨਾਲ ਕੀਤੀ ਜਾਣੀ ਚਾਹੀਦੀ ਹੈ। (ਇਨ੍ਹਾਂ ਭੋਜਨਾਂ ਬਾਰੇ ਡੂਏਨ ਵਾਰਡਨ, *1 ਐਂਡ 2 ਪੀਟਰ ਐਂਡ ਜੂਡ,* ਟ੍ਰੁੱਥ ਫਾਰ ਟੁਡੇ ਕਮੈਂਟ੍ਰੀ [ਸੀਅਰਸੀ, ਆਰਕੰਸੋ: ਰਿਸੋਰਸ ਪਬਲਿਕੇਸ਼ਨਸ, 2009], 385-87 ਵਿੱਚ ਚਰਚਾ ਕੀਤੀ ਗਈ ਹੈ।) [22]ਵੇਨ ਏ. ਮੀਕਸ, *ਦਿ ਫਰਸਟ ਅਰਬਨ ਕ੍ਰਿਸ਼ਚਿਅਨਸ: ਦਿ ਸੋਸ਼ਲ ਵਰਲਡ ਆਫ ਦਿ ਅਪੌਸਲ ਪੌਲ,* ਦੂਜਾ ਸੰਸਕਰਨ (ਨਿਊ ਹੇਵਨ, ਕਨੈਕਟਿਕਟ: ਯੇਲ ਯੂਨਿਵਰਸਿਟੀ ਪ੍ਰੈਸ, 2003), 68.

[23]"ਯੁਖਾਰਿਸਟ" ਉਹ ਸ਼ਬਦ ਹੈ ਜਿਸ ਦੀ ਵਰਤੋਂ ਕੁਝ ਧਾਰਮਿਕ ਸਮੂਹ ਪ੍ਰਭੂ ਭੋਜ ਦਾ ਹਵਾਲਾ ਦੇਣ ਲਈ ਕਰਦੇ ਹਨ ਅਤੇ ਇਹ "ਧੰਨਵਾਦ" ਜਾਂ "ਸ਼ੁਕਰਗੁਜ਼ਾਰੀ" ਦੇ ਯੂਨਾਨੀ ਸ਼ਬਦ ਦਾ ਅੰਗ੍ਰੇਜ਼ੀ ਰੂਪ ਹੈ। [24]ਅਗਸਟਿਨ *ਕਨਫੈਸ਼ਨਸ* 7.10.16. [25]ਫੀ, 557.